# ਗੁਰਬਾਣੀ ਉਪਮਾ

## ਸਤਿਸੰਗ

**ਸਲੋਕ ਮ: ੩ ॥ (ਅੰਗ 594)**

**ਸਤੁਗੁਰੁ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*(ਪੰਨਾ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤੁ ਸਾਚੁ ਤੀਰਥੁ ਮਜਨਾ ॥ (ਪੰਨਾ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਅਸੀਂ ਲੋਕਾਂ ਨੂੰ ਕਈ ਦਫਾ ਇਸ ਸਲੋਕ ਦਾ ਪਾਠ ਕਰਦਿਆਂ ਸੁਣਦੇ ਹਾਂ।

*ਹੋਵੈ ਸਿਫਤਿ ਖਸੰਮ ਕੀ ਨੂਰ ਅਰਸਹੁ ਕੁਰਸਹੁ ਝਟੀਐ ॥*
*ਤੁਧੁ ਡਿਠੇ ਸਚੇ ਪਾਤਿਸਾਹ*
*ਮਲੁ ਜਨਮ ਜਨਮ ਦੀ ਕਟੀਐ ॥ (ਅੰਗ 967)*

ਕਿ ਜੋ ਜੀਵ ਗੁਰਬਾਣੀ ਦੇ ਦਰਸ਼ਨ ਕਰ ਲੈਂਦਾ ਹੈ ਉਸ ਦੀ ਜਨਮਾਂ-ਜਨਮਾਂਤਰਾਂ ਦੀ ਮੈਲ ਉੱਤਰ ਜਾਂਦੀ ਹੈ। ਪਰ ਹਜ਼ੂਰ ਤੀਸਰੇ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਸਾਰੇ ਗ੍ਰੰਥੀ, ਰਾਗੀ ਜਾਂ ਸਾਡੇ ਵਰਗੇ ਕਥਾ ਕਰਨ ਵਾਲੇ ਵੀ ਰੋਜ਼ਾਨਾ ਦਰਸ਼ਨ ਕਰਦੇ ਹਨ। ਜੋ ਪਾਠੀ ਪਾਠ ਦੀ ਰੌਲ ਲਗਾਉਂਦੇ ਹਨ ਉਹ ਵੀ ਰੋਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ ਹਨ। ਇਸ ਪ੍ਰਥਾਇ ਹਜ਼ੂਰ ਭੇਦ ਬਖਸ਼ ਰਹੇ ਹਨ ਕਿ ਸਾਰੇ ਹੀ ਰੋਜ਼ ਗੁਰਬਾਣੀ ਦੇ ਦਰਸ਼ਨ ਕਰਦੇ ਹਨ। ਪਰ ਗੱਲ ਕਿਸ ਤਰਾਂ ਬਣਨੀ ਹੈ ਜਾਂ ਬਖਸ਼ਿਸ਼ ਕਿਸ ਤਰਾਂ ਹੋਣੀ ਹੈ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਡਿਠੈ ਮੁਕਤਿ ਨ ਹੋਵਈ**

**ਜਿਚਰੁ ਸਬਦਿ ਨ ਕਰੇ ਵੀਚਾਰੁ ॥**

ਹੁਣ ਗੁਰਬਾਣੀ ਨੂੰ ਮੱਥਾ ਟੇਕ ਦਿੱਤਾ ਅਤੇ

*ਲੈ ਬਾਬਾ ਅਰਜਨਾ ਹੁਣ ਸਾਨੂੰ ਨਹੀਂ ਵਰਜਣਾ।*

ਪਾਠੀਆਂ ਕੋਲੋਂ ਅਗਰ ਕੁਝ ਪੰਨੇ ਪਿੱਛੇ ਪੜ੍ਹਨ ਵਾਲੇ ਛੁੱਟ ਜਾਂਦੇ ਹਨ ਤਾਂ ਉਹ ਵੀ ਵਾਹਿਗੁਰੂ ਕਹਿ ਕੇ ਅੱਗੇ ਪੰਨੇ ਪਲਟ ਦਿੰਦੇ ਹਨ। ਕਿਸੇ ਨੇ ਪੁੱਛਿਆ ਸੀ ਕਿ ਅਸੀਂ ਪਾਠ ਕਰਾਉਣਾ ਹੈ। ਗ੍ਰੰਥੀ ਪੁੱਛਣ ਲੱਗਾ ਕਿੰਨੇ ਰੁਪਇਆਂ ਵਾਲਾ ਕਰਾਉਣਾ ਹੈ? ਉਹਨਾਂ ਨੇ ਪੁੱਛਿਆ ਕਿ ਤੁਸੀਂ ਕਿੱਥੋਂ ਤਕ ਵਾਲਾ ਪਾਠ ਕਰ ਦਿੰਦੇ ਹੋ? ਉਦੋਂ ਸਸਤਾ ਸਮਾਂ ਸੀ। ਗ੍ਰੰਥੀ ਨੇ ਉੱਤਰ ਦਿੱਤਾ ਕਿ ਘੱਟ ਤੋਂ ਘੱਟ ਸਵਾ ਰੁਪਏ ਤੱਕ ਦਾ ਕਰ ਦਿੰਦੇ ਹਾਂ। ਉਹ ਪੁੱਛਣ ਲੱਗੇ ਸਵਾ ਰੁਪਏ ਨਾਲ ਪਾਠ ਕਿਵੇਂ ਹੋ ਜਾਂਦਾ ਹੈ। ਗ੍ਰੰਥੀ ਨੇ ਉੱਤਰ ਦਿੱਤਾ ਕਿ

*ਆਦਿ ਪੜਿਆ ਅੰਤ ਪੜਿਆ*

ਪੰਜ ਪੌੜੀਆਂ ਜਪੁਜੀ ਸਾਹਿਬ ਦੀਆਂ ਅਤੇ ਅਖੀਰ ਵਿੱਚ ਰਾਗ ਮਾਲਾ ਪੜ੍ਹ ਦਿੱਤੀ।

*ਆਦਿ ਪੜਿਆ, ਅੰਤ ਪੜਿਆ।*
*ਵਿੱਚੋਂ ਵਿੱਚੋਂ ਦਰਸ਼ਨ ਕਰਿਆ।*

ਪੰਨੇ ਪਲਟਦੇ ਸਮੇਂ ਵਿਚਲੇ ਪੰਨਿਆਂ ਦੇ ਦਰਸ਼ਨ ਕਰ ਲਏ।

*ਤੁਸੀਂ ਰੁਪਈਆ ਸਵਾ ਧਰਿਆ।*
*ਕਿਹੜਾ ਰਹੇ ਵਖਤ ਨੂੰ ਫੜਿਆ।*

ਹੁਣ ਸਵਾ ਰੁਪਏ ਵਿੱਚ ਇਸ ਤਰਾਂ ਦਾ ਹੀ ਪਾਠ ਹੋਵੇਗਾ। ਕਈ ਵਾਰ ਪਾਠੀਆਂ ਨੂੰ ਬਰਾਬਰ ਦਾ ਅਖੰਡ ਪਾਠੀ ਨਹੀਂ ਲੱਭਦਾ। ਉਹਨਾਂ ਨੂੰ ਦੋ ਘੰਟਿਆਂ ਵਿੱਚ ਘੱਟ ਤੋਂ ਘੱਟ 60 ਪੰਨੇ ਪੜ੍ਹਨ ਵਾਲਾ ਪਾਠੀ ਚਾਹੀਦਾ ਹੈ। ਅਗਰ ਕੋਈ ਪਾਠੀ ਘੱਟ ਜਾਂ 57-58 ਪੜ੍ਹਦਾ ਹੈ ਤਦ ਬਾਕੀ ਤੇਜ-ਤੇਜ ਪਾਠ ਕਰਕੇ ਉਸ ਵਾਲੇ ਪੰਨੇ ਵੀ ਪੂਰੇ ਕਰਦੇ ਹਨ ਵਰਨਾ ਅਖੰਡ ਪਾਠ ਦਾ ਭੋਗ ਸਮੇਂ ਸਿਰ ਨਹੀਂ ਪੈ ਸਕਦਾ ਅਤੇ ਪਾਠ ਅਖੰਡ ਨਹੀਂ ਰਹਿ ਸਕਦਾ। ਉਸ ਦਾ ਖੰਡਨ ਹੋ ਜਾਵੇਗਾ। ਜਦੋਂ ਤੱਕ ਅਸੀਂ ਇਸ ਬਾਰੇ ਵੀਚਾਰ ਨਹੀਂ ਕਰਦੇ ਉਨਾਂ ਚਿਰ ਗੱਲ ਨਹੀਂ ਬਣਨੀ।

ਇਕ ਦਫਾ ਕਿਸੇ ਨੇ ਮਜ਼ਾਕ ਕਰਦਿਆਂ ਗੱਲ ਸੁਣਾਈ ਕਿ ਕੋਈ ਜੀਵ ਚੋਰ ਸੀ। ਉਸਨੇ ਅਰਦਾਸ ਕੀਤੀ ਕਿ ਮੇਰਾ ਚੋਰੀ ਦਾ ਦਾਅ ਲੱਗ ਜਾਵੇ। ਉਸ ਨੂੰ ਕਿਸੇ ਬੀਬੀ ਦਾ ਪਰਸ ਲੱਭ ਗਿਆ। ਉਸ ਵਿੱਚ ਬੀਬੀ ਦੇ ਕਾਂਟੇ ਰੱਖੇ ਹੋਏ ਸਨ। ਬੀਬੀ ਨੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹੋ ਮੇਰੇ ਕਾਂਟੇ ਮਿਲ ਜਾਣ ਮੈਂ ਪੰਜ ਰੁਪਏ ਦਾ ਪ੍ਰਸ਼ਾਦ ਚੜਾਵਾਂਗੀ। ਉਸ ਨੇ ਅਰਦਾਸ ਕਰਕੇ ਮੱਥਾ ਟੇਕਿਆ। ਜਦੋਂ ਮੱਥਾ ਟੇਕ ਕੇ ਉੱਪਰ ਉੱਠਣ ਲੱਗੀ ਤਾਂ ਉਸਨੂੰ ਇੱਕ ਕਾਂਟਾ ਉੱਥੇ ਪਿਆ ਮਿਲ ਗਿਆ। ਉਹ ਕਹਿਣ ਲੱਗੀ ਕਿ ਬਾਬਾ ਤਾਂ ਅੱਧ ਲੈਣ ਗਿੱਝ ਗਿਆ ਹੈ ਹੁਣ ਸਾਨੂੰ ਪੰਜ ਰੁਪਏ ਵਿੱਚ ਕਾਂਟੇ ਕਿੰਝ ਦੁਆਵੇਗਾ। ਸੋਈ ਜਿਹੜੇ ਸਾਕਤ ਜੀਵ ਹਨ ਉਹ ਇਸ ਤਰਾਂ ਦੀਆਂ ਗੱਲਾਂ ਕਰਦੇ ਹਨ। ਇਹਨਾਂ ਦੀਆਂ ਗੱਲਾਂ ਨਾ ਸੁਣੋ ਇਹਨਾਂ ਦੀ ਸੰਗਤ ਨ ਕਰੋ। ਪਰ ਸਾਨੂੰ ਆਪਣਾ ਕਿਰਦਾਰ ਅਤੇ ਅਮਲ ਸਾਫ ਰੱਖਣਾ ਚਾਹੀਦਾ ਹੈ। Content of mind is equal to stone is equal to death. ਕਿਉਂਕਿ ਕੁਝ ਜੀਵ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਜਸੂਸੀ ਕਰਨ ਹੀ ਜਾਂਦੇ ਹਨ। ਇਸ ਆਸ਼ੇ ਨਾਲ ਅਫ਼ਸਰ ਅਤੇ ਡੀ. ਆਈ. ਜੀ. ਗਏ ਅਤੇ ਉਥੇ ਮਾਰ ਖਾਧੀ। ਜਿਹਨਾਂ ਨੇ ਸ਼ਰਧਾ ਨਾਲ ਜਾਣਾ ਹੈ।

*ਜਿਨ ਕੀ ਭਾਵਨਾ ਦੇਖੀ ਜੈਸੀ।*
*ਪ੍ਰਭ ਮੂਰਤ ਦੇਖੀ ਤਿਨਿ ਤੈਸੀ।*

ਤੁਸੀਂ ਜਿਸ ਤਰਾਂ ਦੀ ਭਾਵਨਾ ਰੱਖ ਕੇ ਦਰਸ਼ਨ ਕਰਨੇ ਹਨ, ਜਾਂ ਮੱਥਾ ਟੇਕਣਾ ਹੈ ਉਸੇ ਤਰਾਂ ਦੀ ਬਖਸ਼ਿਸ਼ ਹੋਣੀ ਹੈ। ਪਰ ਜੇਕਰ ਅਸੀ ਕਹੀਏ ਕਿ ਅਸੀਂ ਗੁਰਬਾਣੀ ਦੇ ਸ਼ਬਦਾਂ ਉੱਪਰ ਵੀਚਾਰ ਨਹੀਂ ਕਰਨੀ ਫੇਰ ਬਖਸ਼ਿਸ਼ ਨਹੀਂ ਲੈ ਸਕਦੇ।

*ਡਿਠੈ ਮੁਕਤਿ ਨ ਹੋਵਈ ਜਿਚਰੁ ਸ਼ਬਦਿ ਨ ਕਰੇ ਵੀਚਾਰੁ॥*
*(ਅੰਗ 594)*

ਤਥਾ

*ਸਿਖੀ ਸਿਖਿਆ ਗੁਰ ਵਿਚਾਰਿ॥ (ਅੰਗ 465)*

ਗੁਰਬਾਣੀ ਦੀ ਇਕੱ ਇੱਕ ਤੁਕ ਪੜ੍ਹੋ ਦੇਖੋ ਅਤੇ ਸੁਣੋ ਅਤੇ ਵਿਚਾਰ ਕਰੋ ਕਿ ਹਜ਼ੂਰ ਨੇ ਸਾਨੂੰ ਕੀ ਸਿੱਖਿਆ ਦਿੱਤੀ ਹੈ। ਫੇਰ ਹਜ਼ੂਰ ਨੇ ਬਖਸ਼ਿਸ਼ ਕਰਨੀ ਹੈ। ਅਗਰ ਦਵਾਈ ਨੂੰ ਸਿਰਫ ਵੇਖ ਲੈਂਦੇ ਹਾਂ ਅਤੇ ਖਾਂਦੇ ਨਹੀਂ ਹਾਂ ਫੇਰ ਦਵਾਈ ਨੇ ਅਸਰ ਨਹੀਂ ਕਰਨਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਤੱਕ ਅਸੀਂ ਗੁਰਬਾਣੀ ਦੀ ਸਿੱਖਿਆ ਉੱਪਰ ਅਮਲ ਨਹੀਂ ਕਰਦੇ ਉੱਨੀ ਦੇਰ ਬਖਸ਼ਿਸ਼ ਨਹੀਂ ਹੋਣੀ।

**ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥**

ਅਗਰ ਅਸੀਂ ਹਉਮੈ ਕਰਦੇ ਹਾਂ ਕਿ ਮੈਂ ਐਨੇ ਪਾਠ ਕੀਤੇ ਹਨ, ਮੈਂ ਐਨਾ ਯਸ਼ ਕਰਦਾ ਹਾਂ, ਮੈਂ ਐਨੇ ਚਿਰ ਤੋਂ ਪਾਠੀ ਹਾਂ, ਜਾਂ ਮੈਂ ਫਲਾਣੇ ਸਥਾਨ ਦਾ ਪਾਠੀ ਹਾਂ ਤਦ ਸਾਨੂੰ ਉਹ ਹਉਮੈ ਡੇਗ ਦਿੰਦੀ ਹੈ। ਜੇ ਅਸੀਂ ਆਪਾ ਮਾਰ ਕੇ ਇਹ ਕਹਿੰਦੇ ਹਾਂ ਕਿ ਹਜ਼ੂਰ ਨੇ ਯਸ਼ ਕਰਵਾਇਆ ਹੈ, ਹਜ਼ੂਰ ਨੇ ਪਾਠ ਕਰਵਾਇਆ ਹੈ, ਹਜ਼ੂਰ ਮੈਨੂੰ ਇੱਥੇ ਸੇਵਾ ਵਿੱਚ ਰੱਖ ਰਹੇ ਹਨ ਫੇਰ ਬਖਸ਼ਿਸ਼ ਹੋਣੀ ਹੈ।

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ (ਅੰਗ 278)*

ਵਰਨਾ ਜੀਵ ਉਨੀ ਦੇਰ ਹੰਕਾਰ ਵਿੱਚ ਹੀ ਤੁਰਿਆ ਫਿਰਦਾ ਹੈ।

**ਇਕਿ ਆਪੇ ਬਖਸਿ ਮਿਲਾਇਅਨੁ**

**ਦੁਬਿਧਾ ਤਜਿ ਵਿਕਾਰ॥**

ਕਈ ਵਾਰ ਜੀਵ ਨੂੰ ਹਜ਼ੂਰ ਦੀ ਕਿਰਪਾ ਸਦਕਾ ਹੀ ਅੱਛੇ ਸਾਧੂਆਂ ਦੀ ਸੰਗਤ ਮਿਲ ਜਾਂਦੀ ਹੈ ਤਦ ਹਜ਼ੂਰ ਉਸ ਦੀਆਂ ਸਾਰੀਆਂ ਦੁਬਿਧਾ ਖਤਮ ਕਰਕੇ ਉਸ ਨੂੰ ਅੱਛੀ ਸੋਧ ਬਖਸ਼ ਦਿੰਦੇ ਹਨ। ਕਈ ਜੀਵ ਤਾਂ ਸੰਤਾਂ ਅਤੇ ਭਗਤਾਂ ਕੋਲ ਬੜੀ ਬੜੀ ਦੇਰ ਤੱਕ ਤੁਰੇ ਫਿਰਦੇ ਰਹਿੰਦੇ ਹਨ ਪਰ ਉਹਨਾਂ ਦੇ ਕੋਈ ਗੱਲ ਨਹੀਂ ਬਣਦੀ ਅਤੇ ਕਈਆਂ ਉੱਪਰ ਹਜ਼ੂਰ ਬਹੁਤ ਜਲਦੀ ਬਖਸ਼ਿਸ਼ ਕਰਦੇ ਹਨ।

**ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ**

**ਸਤਿਗੁਰ ਹੇਤਿ ਪਿਆਰਿ॥ ੧॥**

ਅਸੀਂ ਪੱਟੀ ਵਿਖੇ ਸਰਵਿਸ ਕਰਦੇ ਰਹੇ ਹਾਂ। ਉੱਥੇ ਅਸੀਂ ਬਾਬਾ ਬਿਧੀ ਚੰਦ ਜੀ ਦੇ ਪੈਰੋਕਾਰ ਨਿਹੰਗ ਦੇਖੇ। ਉਹ ਵਿਸ਼ਵਾਸ ਦੇ ਬੜੇ ਪੱਕੇ ਹਨ। ਉੱਥੇ ਅਸੀ ਇੱਕ ਢਾਬੇ ਤੇ ਗਏ। ਉਥੇ ਇੱਕ ਨਿਹੰਗ ਬਾਹਰੋਂ ਆ ਰਿਹਾ ਸੀ ਉਹ ਬੋਲਦਾ ਆਵੇ ਕਿ

*ਸਾਡਾ ਰੁਸੇ ਨਾ ਕਲਗੀਆਂ ਵਾਲਾ*

*ਜੱਗ ਭਾਵੇਂ ਸਾਰਾ ਰੁੱਸ ਜਾਏ।*

ਉਹ ਹਜ਼ੂਰ ਦਸਵੇਂ ਪਾਤਿਸ਼ਾਹ ਉੱਪਰ ਬਹੁਤ ਵਿਸ਼ਵਾਸ ਕਰਦੇ ਹਨ। ਉਸ ਢਾਬੇ ਵਿੱਚ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦਾ ਸਰੂਪ ਲਗਾ ਹੋਇਆ ਸੀ। ਉਹ ਨਿਹੰਗ ਹਜ਼ੂਰ ਦੇ ਸਰੂਪ ਵੱਲ ਟਿਕ ਟਿਕੀ ਲਗਾ ਕੇ ਦੇਖੀ ਜਾਵੇ ਅਤੇ ਅੱਖਾਂ ਵਿੱਚੋਂ ਤ੍ਰਿਪ-ਤ੍ਰਿਪ ਅੱਥਰੂ ਵਹਿ ਰਹੇ ਸਨ। ਉਹ ਪੂਰੇ ਵੈਰਾਗ ਵਿੱਚ ਸੀ। ਉਹ ਕਹਿਣ ਲੱਗਾ ਸੱਚੇ ਪਾਤਿਸ਼ਾਹੋ! ਤੁਸੀਂ ਬੜਾ ਤਰਸ ਕੀਤਾ ਹੈ ਦਰਸ਼ਨ ਦਿੱਤੇ ਹਨ। ਹਜ਼ੂਰ ਮੈਂ ਭਟਕ ਗਿਆ ਸੀ, ਮੇਰੇ ਖਿਆਲ ਮਾੜੇ ਸਨ, ਮੈਂ ਮਾੜੇ ਕਰਮ ਕਰਨ ਤੁਰਿਆ ਜਾ ਰਿਹਾ ਸੀ। ਅਗਰ ਅੱਜ ਕਲਗੀਆਂ ਵਾਲੇ ਦਰਸ਼ਨ ਨਾ ਦਿੰਦੇ ਤਦ ਮੈਂ ਮਰ ਗਿਆ ਸੀ ਮੈਂ ਖਤਮ ਹੋ ਗਿਆ ਸੀ। ਉਹ ਹਜ਼ੂਰ ਦੇ ਸਰੂਪ ਦੇ ਦਰਸ਼ਨ ਕਰਕੇ ਹੀ ਖੁਸ਼ ਹੋ ਗਿਆ। ਅਸੀਂ ਰੁੱਕ ਕੇ ਨਿਹੰਗ ਸਿੰਘ ਨੂੰ ਗਲਵਕੜੀ ਪਾਈ ਕਲਾਵੇ ਵਿੱਚ ਲਿਆ। ਅਸੀਂ ਕਿਹਾ ਨਿਹੰਗ ਸਿੰਘ ਜੀ ਸਾਡੇ ਲਈ ਅਰਦਾਸ ਕਰੋ ਏਦਾ ਦਾ ਪਿਆਰ ਕਿਤੇ ਸਾਨੂੰ ਵੀ ਮਿਲ ਜਾਵੇ। ਜਿਸ ਤਰਾਂ ਦਾ ਪਿਆਰ ਤੁਹਾਡਾ ਹਜ਼ੂਰ ਦੇ ਨਾਲ ਹੈ ਕੀ ਸਾਨੂੰ ਇਸ ਤਰਾਂ ਦੇ ਪਿਆਰ ਦੀ ਕਣੀ ਵੀ ਮਿਲ ਸਕਦੀ ਹੈ? ਤੁਸੀਂ ਸਾਡੇ ਲਈ ਵੀ ਅਰਦਾਸ ਕਰੋ। ਅਸੀਂ ਉਸ ਨੂੰ ਕਿਹਾ ਕਿ ਸਾਡੀ ਇੱਕ ਅਰਦਾਸ ਸੁਣੋ ਕਿ ਅਸੀਂ ਤੁਹਾਨੂੰ ਲੰਗਰ ਛਕਾਉਣਾ ਚਾਹੁੰਦੇ ਹਾਂ, ਕੋਈ ਵਧੀਆ ਮਠਿਆਈ ਖੁਆਉਣੀ ਚਾਹੁੰਦੇ ਹਾਂ। ਉਹ ਕਹਿਣ ਲੱਗਾ ਕਿ ਤੂੰ ਮੈਨੂੰ ਲੰਗਰ ਨਹੀਂ ਖੁਆਉਣ ਲੱਗਾ ਜੇ ਤੇਰਾ ਦਿਲ ਕਰਦਾ ਹੈ ਤਾਂ ਖੁਆ ਦੇ। ਨਹੀਂ ਦਿਲ ਕਰਦਾ ਤਾਂ ਨਾ ਖੁਆ। ਜਦੋਂ ਮੈਂ ਹਜ਼ੂਰ ਦਾ ਸਰੂਪ ਦੇਖ ਰਿਹਾ ਸੀ। ਹਜ਼ੂਰ ਮੈਨੂੰ ਦੱਸ ਰਹੇ ਸਨ ਕਿ ਅਸੀਂ ਤੇਰੀ ਸੇਵਾ ਕਰਨ ਕਿਸੇ ਜੀਵ ਨੂੰ ਭੇਜ ਰਹੇਂ ਹਾਂ। ਵਰਨਾ ਮੈਂ ਸ਼ਾਇਦ ਰੋਟੀ ਦੀ ਖਾਤਿਰ ਹੀ ਚੋਰੀ ਕਰ ਲੈਂਦਾ। ਇਹਨਾਂ ਨੂੰ ਐਨਾ ਵਿਸ਼ਵਾਸ ਹੈ।

ਤੁਸੀਂ ਵੇਖਿਆ ਹੋਵੇਗਾ ਕਿ ਬਾਬਾ ਬਕਾਲਾ ਵਾਲੇ ਬਾਬਾ ਬਿਸ਼ਨ ਸਿੰਘ ਜੀ ਅਖੀਰਲੇ ਸਮੇਂ ਢਿੱਲੇ ਹੋਏ ਸਨ ਅਤੇ ਜਲੰਧਰ ਵਿਖੇ ਕਿਡਨੀ ਹਸਪਤਾਲ ਵਿੱਚ ਦਾਖਿਲ ਹੋਏ ਸਨ। ਅਸੀਂ ਉਹਨਾਂ ਨੂੰ ਉੱਥੇ ਜਾ ਕੇ ਮਿਲੇ ਸੀ। ਉਹਨਾਂ ਦੇ ਨਾਲ ਜਿੰਨੀ ਸੰਗਤ ਆਉਂਦੀ ਸੀ ਅਸੀਂ ਉਹਨਾਂ ਨੂੰ ਆਪਣੇ ਲੰਗਰ ਵਿਚੋਂ ਫੁੱਲਕਾ ਤਿਆਰ ਕਰਕੇ ਛਕਾਉਂਦੇ ਰਹੇ। ਸਾਨੂੰ ਨਹੀਂ ਪਤਾ ਕਿ ਨਿਹੰਗ ਪਾਠ ਕਰਦੇ ਹਨ ਜਾਂ ਨਹੀਂ। ਪਰ ਉਹਨਾਂ ਦਾ ਭਾਵ ਬਹੁਤ ਜਿਆਦਾ ਹੁੰਦਾ ਹੈ। ਉਹ ਹਜ਼ੂਰ ਦਸਵੇਂ ਪਾਤਸ਼ਾਹ ਜੀ ਦੇ ਸਰੂਪ ਅੱਗੇ ਜਾ ਕੇ ਭਾਵ ਨਾਲ ਮੱਥਾ ਟੇਕਦੇ ਹਨ। ਤਦੇ ਸੰਤਾਂ ਨੇ ਫੁਰਮਾਇਆ ਹੈ ਕਿ

*ਦਰਸਨੁ ਦੇਖਿ ਜੀਵਾ ਗੁਰ ਤੇਰਾ॥*

*ਪੂਰਨ ਕਰਮੁ ਹੋਇ ਪ੍ਰਭ ਮੇਰਾ॥੧॥*

ਸੋਈ ਸੰਤਾਂ ਦੇ ਦਰਸ਼ਨ ਬਹੁਤ ਭਾਗਾਂ ਨਾਲ ਮਿਲਦੇ ਹਨ। ਪਰ ਗੁਰਬਾਣੀ ਦੇ ਜਾਂ ਸੰਤਾਂ ਦੇ ਦਰਸ਼ਨ ਕਰਨ ਤੋਂ ਬਾਦ ਅਗਰ ਅਸੀਂ ਉਹਨਾਂ ਦੇ ਬਚਨਾਂ ਉੱਪਰ ਵੀਚਾਰ ਨਹੀਂ ਕਰਦੇ, ਅਮਲ ਨਹੀਂ ਕਰਦੇ ਤਦ ਗੱਲ ਨਹੀਂ ਬਣਦੀ। ਹਜ਼ੂਰ ਤੀਸਰੇ ਪਾਦਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਸਾਧੂਆਂ ਦੇ ਦਰਸ਼ਨ ਵੀ ਉਤੱਮ ਹਨ। ਗੁਰਬਾਣੀ ਦੇ ਦਰਸ਼ਨ ਵੀ ਉਤੱਮ ਹਨ ਪਰ ਨਾਲ ਦੀ ਨਾਲ ਗੁਰਬਾਣੀ ਉੱਪਰ ਵੀਚਾਰ ਕਰਨੀ ਵੀ ਜਰੂਰੀ ਹੈ। ਸੰਤਾਂ ਦੇ ਬਚਨ ਮੰਨਣੇ ਵੀ ਜਰੂਰੀ ਹਨ। ਅਗਰ ਦੋਵੇਂ ਕੰਮ ਕਰਾਂਗੇ ਫੇਰ ਹਜ਼ੂਰ ਖੁਸ਼ੀਆਂ ਬਖਸ਼ਦੇ ਹਨ।

# ਸਤਿਸੰਗ

**ਸੋਰਠਿ ਮਹਲਾ ੫॥ (ਅੰਗ 640)**

**ਮਾਤ ਗਰਭ ਦੁਖ ਸਾਗਰੋ ਪਿਆਰੇ**

**ਤਹ ਅਪਣਾ ਨਾਮੁ ਜਪਾਇਆ॥**

ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਜਦੋਂ ਮੈਂ ਮਾਤਾ ਦੇ ਗਰਭ ਵਿੱਚ ਸੀ, ਤੁਸੀਂ ਦੇਖਿਆ ਹੋਵੇਗਾ ਕਿ ਬੱਚੇ ਦੇ ਪੰਘੂੜੇ Crib ਦੇ ਉੱਪਰ ਇੱਕ ਬਰੀਕ ਜਿਹੀ ਧੁਨ ਵਾਲਾ ਸਾਇਰਨ ਲਗਾ ਦਿੱਤਾ ਜਾਂਦਾ ਹੈ। ਇਸਨੂੰ ਜਦੋਂ ਚਾਬੀ ਦੇਈ ਦੀ ਹੈ। ਉਸ ਵਿਚੋਂ ਜੋ ਅਵਾਜ ਆਉਂਦੀ ਹੈ ਉਹ ਅਨਹਦ ਸ਼ਬਦ ਵਰਗੀ ਹੁੰਦੀ ਹੈ। ਉਸਨੂੰ ਸੁਣ ਕੇ ਬੱਚਾ ਰੋਣੋਂ ਹਟ ਜਾਂਦਾ ਹੈ ਅਤੇ ਆਹਿਸਤਾ-ਆਹਿਸਤਾ ਸੌਂ ਜਾਂਦਾ ਹੈ। ਜਿਸ ਤਰ੍ਹਾਂ ਸੱਪ ਬੀਨ ਉੱਪਰ ਮਸਤ ਹੁੰਦਾ ਹੈ ਇਸ ਤਰਾਂ ਬੱਚਾ ਅੰਦਰ ਦੇ ਸ਼ਬਦ ਨੂੰ ਸੁਣ ਕੇ ਮਸਤ ਹੁੰਦਾ ਹੈ। ਦੂਸਰਾ ਬੱਚਾ ਹਨੇਰੇ ਵਿੱਚ ਜਿਆਦਾ ਰੋਂਦਾ ਹੈ। ਬਲਬ ਜਾਂ ਹੋਰ ਕੋਈ ਰੋਸ਼ਨੀ ਹੋਣ ਉਪਰੰਤ ਬੱਚਾ ਚੁੱਪ ਕਰ ਜਾਂਦਾ ਹੈ ਕਿਉਂਕਿ ਉਹ ਮਾਤਾ ਦੇ ਗਰਭ ਵਿੱਚ ਲਾਈਟ ਦੇ ਜੋਤ ਦੇ ਦਰਸ਼ਨ ਕਰਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮਾਲਿਕ ਕੋਲ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ ਤੁਹਾਡੀ ਬੜੀ ਕਿਰਪਾ ਹੋਈ ਹੈ। ਜਦੋਂ

ਮੈਂ ਮਾਤਾ ਦੇ ਗਰਭ ਵਿੱਚ ਸੀ ਉਥੇ ਤੁਸੀਂ ਮੇਰੇ ਕੋਲੋਂ ਆਪਣਾ ਸਿਮਰਨ ਕਰਵਾਇਆ। ਵਿਗਿਆਨਕ ਤੌਰ ਤੇ ਵੀ ਸਿਧ ਹੋ ਚੁੱਕਾ ਹੈ ਕਿ ਬੱਚਾ ਮਾਤਾ ਦੇ ਗਰਭ ਵਿੱਚ ਪਾਠ ਸੁਣਦਾ ਹੈ ਅਤੇ ਗੁਰਬਾਣੀ ਦਾ ਸਿਮਰਨ ਕਰਦਾ ਹੈ। ਪਰ ਸੰਤਾਂ ਨੇ ਐਨੀ ਦੇਰ ਪਹਿਲਾਂ ਹੀ ਗੁਰਬਾਣੀ ਵਿੱਚ ਰਚਨਾ ਕਰ ਦਿੱਤੀ ਸੀ। ਤੁਸੀਂ ਸੱਚੇ ਪਾਤਿਸ਼ਾਹੋ ਮਾਤਾ ਦੇ ਗਰਭ ਵਿੱਚ ਵੀ ਨਾਮ ਜਪਾਉਂਦੇ ਰਹੇ ਹੋ ਪਰ ਹੁਣ ਮੈਂ ਭਗਤੀ ਵਿੱਚ ਪਿੱਛੇ ਕਿਉਂ ਹੋਇਆ ਹਾਂ।

**ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ**

**ਮਾਇਆ ਮੋਹੁ ਵਧਾਇਆ॥**

ਜਦੋਂ ਬੱਚਾ ਮਾਤਾ ਦੇ ਗਰਭ ਤੋਂ ਬਾਹਰ ਆਉਂਦਾ ਹੈ ਉਹ ਪੈਸੇ, ਧਨ, ਦੌਲਤ, ਰੂਪ, ਕਰੂਪ ਦੇਖ ਕੇ ਉਸ ਵਿੱਚ ਫਸ ਜਾਂਦਾ ਹੈ। ਇਸ ਵਾਰ ਜਦੋ ਛੱਬੀ ਜਨਵਰੀ ਦਾ ਝੰਡਾ ਚੜਾਉਣ ਦੀ ਰਸਮ ਹੋਈ ਤਾਂ ਅਸੀਂ ਉਥੇ ਡਾਕਟਰ ਕੰਵਲਜੀਤ ਸਿੰਘ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਏ ਸਾਂ। ਉਹ ਗੋਲਡ ਮੈਡਲਿਸਟ ਹੈ। ਉਸ ਨਾਲ ਬਹੁਤ ਸਾਰੇ ਲੋਕ ਈਰਖਾ ਕਰਦੇ ਹਨ ਪਰ ਉਹ ਬਹੁਤ ਵਧੀਆ ਡਾਕਟਰ ਹੈ। ਉਸ ਨੇ ਕੈਂਸਰ ਦੇ ਜੀ.ਆਈ. ਦੇ ਐਨੇ ਵੱਡੇ-ਵੱਡੇ ਓਪਰੇਸ਼ਨ ਕਰ ਦਿੱਤੇ ਹਨ, ਜਿਹਨਾਂ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਸੀ। ਅਸੀਂ ਉਸਦੀ ਛੋਟੀ ਜਿਹੀ ਗੱਲ ਸੁਣ ਕੇ ਬਹੁਤ ਖੁਸ਼ ਹੋਏ ਹਾਂ। ਉਸ ਨੇ ਕਿਹਾ ਕਿ ਮੈਂ ਅਜੇ ਤੱਕ ਆਪਣਾ ਪਾਸਪੋਰਟ ਵੀ ਨਹੀਂ ਬਣਾਇਆ। ਇਸ ਕਰਕੇ ਨਹੀਂ ਕਿ ਮੈਂ ਬਾਹਰ ਜਾ ਨਹੀਂ ਸਕਦਾ। ਮੈਂ ਆਪਣੀ ਧਰਤੀ ਦੇ ਲੋਕਾਂ ਨੂੰ ਅਤੇ ਦੇਸ਼ ਨੂੰ ਪਿਆਰ ਕਰਦਾ ਹਾਂ। ਮੈਂ ਆਪਣੀ ਯੋਗਤਾ ਇੱਥੇ ਹੀ ਵਰਤਣੀ ਚਾਹੁੰਦਾ ਹਾਂ। ਮੈਂ ਪੈਸੇ ਪਿੱਛੇ ਬਾਹਰ ਨਹੀਂ ਭੱਜਣਾਂ। ਵਰਨਾ ਅਸੀਂ ਤਾਂ ਬਚਪਨ ਵਿੱਚ ਹੀਂ ਪਾਸਪੋਰਟ ਬਣਾਉਣੇ ਸ਼ੁਰੂ ਕਰ ਦਿੰਦੇ ਹਾਂ। ਉਸ ਦਾ ਭਾਵ ਇਹ ਹੈ ਕਿ ਸਾਨੂੰ ਮਾਇਆ ਅਤੇ ਦੂਜੀਆਂ ਚੀਜ਼ਾਂ ਆਪਣੇ ਮੋਹ ਵਿੱਚ ਫਸਾ ਲੈਂਦੀਆਂ ਹਨ। ਸਾਰੇ ਦੁੱਖ ਸਾਡੇ ਆਪਣੇ ਬਣਾਏ ਹੀ ਹੁੰਦੇ ਹਨ। ਜਿੰਨੀਆਂ ਜਿਆਦਾ ਖਾਹਿਸ਼ਾਂ ਹੁੰਦੀਆਂ ਹਨ ਉੱਨੇ ਜਿਆਦਾ ਦੁੱਖ ਹੁੰਦੇ ਹਨ। ਅਗਰ ਖਾਹਿਸ਼ ਪੂਰੀ ਨਹੀਂ ਹੁੰਦੀ ਤਾਂ ਜੀਵ ਦੁਖੀ ਹੁੰਦਾ ਹੈ। ਤਦੇ ਸੰਤਾ ਨੇ ਫੁਰਮਾਇਆ ਹੈ ਕਿ

*ਚਾਹ ਗਈ ਚਿੰਤਾ ਮਿਟੀ ਮਨੂਆ ਬੇ ਪ੍ਰਵਾਹ।*
*ਜਿਨ ਕੋ ਕਛੂ ਨ ਚਾਹੀਏ ਸੋ ਸ਼ਾਹਾਂ ਕੇ ਸ਼ਾਹ।*

ਜਿਸ ਦੀ ਕੋਈ ਖਾਹਿਸ਼ ਨਹੀਂ ਹੈ ਉਸ ਨੂੰ ਕੋਈ ਦੁਖ ਨਹੀਂ ਹੈ।

*ਪੱਲੇ ਰਿਜ਼ਕ ਨਹੀਂ ਬੰਨਦੇ ਪੰਛੀ ਤੇ ਦਰਵੇਸ਼।*
*ਜਿਹਨਾਂ ਨੂੰ ਤਕਵਾ ਰੱਬ ਦਾ ਤਿਨਹਾਂ ਨੂੰ ਰਿਜ਼ਕ ਹਮੇਸ਼।*

ਅਸੀਂ ਆਪ ਹੀ ਮੋਹ ਵਿੱਚ ਫਸ ਕੇ ਆਪਣੀ ਕਲਪਣਾ, ਦੁਖ ਅਤੇ ਟੈਨਸ਼ਨ ਵਧਾ ਲੈਂਦੇ ਹਾਂ।

**ਜਿਸ ਨੋ ਕੀਤੋ ਕਰਮੁ ਆਪਿ ਪਿਆਰੇ**

**ਤਿਸੁ ਪੂਰਾ ਗੁਰੂ ਮਿਲਾਇਆ॥**

ਜਿਹੜਾ ਜੀਵ ਅੱਛੇ ਕਰਮ, ਪਾਠ, ਪੂਜਾ ਕਰਦਾ ਹੈ ਉਹ ਅਕਾਲ ਪੁਰਖ ਵਾਹਿਗੁਰੂ ਧੁਰ ਕੀ ਬਾਣੀ ਉਸ ਉੱਪਰ ਪਹਿਲੀ ਬਖਸ਼ਿਸ਼ ਇਹ ਕਰਦੀ ਹੈ ਉਸ ਜੀਵ ਨੂੰ ਸੰਤਾਂ ਦਾ ਮਿਲਾਪ ਕਰਵਾ ਦਿੰਦੀ ਹੈ। ਅਗਰ ਤੁਸੀਂ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਮਦ ਰਮਾਇਣ, ਸ਼੍ਰੀ ਮਦ ਭਾਗਵਤ ਗੀਤਾ, ਸ੍ਰੀ ਰਾਮਚਰਿਤ ਮਾਨਸ ਹੋਲੀ ਬਾਈਬਲ, ਪਵਿਤਰ ਕੁਰਾਨ ਸ਼ਰੀਫ਼ ਤੋਂ ਪਾਠ ਕਰਦੇ ਹੋ ਭਾਵ ਕਿਸੇ ਵੀ ਧਾਰਮਿਕ ਗ੍ਰੰਥ ਤੋਂ ਪਾਠ ਕਰਦੇ ਹੋ।

*ਗ੍ਰੰਥ ਪੰਥ ਸਭ ਜਗਤ ਕੇ ਬਾਤ ਬਤਾਵੇਂ ਤੀਨ।*
*ਮਨ ਨਿਰਮਲ ਹਿਰਦੇ ਦਇਆ ਤਨ ਸੇਵਾ ਮੇਂ ਲੀਨ।*

ਤਦ ਉਹ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ ਤੁਹਾਡਾ ਪੂਰਨ ਸਾਧੂ ਨਾਲ ਮਿਲਾਪ ਕਰਵਾ ਦੇਣਗੇ। ਜਿਸ ਉੱਪਰ ਅਪਾਰ ਬਖਸ਼ਿਸ਼ ਹੋਵੇਗੀ ਉਸਨੂੰ ਸੰਤਾਂ ਦਾ ਮਿਲਾਪ ਹੋਵੇਗਾ ਕਿਉਂਕਿ

*ਸੰਤ ਮਿਲਣ ਸਮ ਸੁਖ ਜਗ ਨਾਹੀ।*
*ਨਹੀ ਦਲਿਦਰ ਸਮ ਦੁਖ ਜਗ ਮਾਹੀ।*

ਸਾਧੂਆਂ ਨੂੰ ਮਿਲਣ ਤੋਂ ਵੱਡਾ ਸੁਖ ਕੋਈ ਨਹੀਂ ਹੈ। ਪਰ ਅਗਰ ਮਿਲਾਪ ਤੋਂ ਬਾਦ ਜੀਵ ਪਾਠ, ਸਿਮਰਨ, ਬੰਦਗੀ ਨਹੀਂ ਕਰਦਾ ਤਦ ਉਸ ਤੋਂ ਵੱਡਾ ਦੁਖ ਕੋਈ ਨਹੀਂ ਹੈ।

**ਸੋ ਆਰਾਧੇ ਸਾਸਿ ਸਾਸਿ ਪਿਆਰੇ**

**ਰਾਮ ਨਾਮ ਲਿਵ ਲਾਇਆ॥੧ ॥**

ਉਸ ਨੂੰ ਮਾਧੋ, ਅੱਲਾਹ, ਰਾਮ ਜਾਂ ਗਾਡ ਕਹੋ। ਉਸ ਦੀ ਅਰਾਧਨਾ ਉਹ ਜੀਵ ਹੀ ਕਰੇਗਾ ਜੋ ਲਿਵ ਲਾਏਗਾ ਵਰਨਾ ਜੀਵ ਇੱਕ ਦਿਨ ਪਾਠ, ਸਿਮਰਨ ਕਰਦਾ ਹੈ, ਭਾਵ ਰੱਖਦਾ ਹੈ ਪਰ ਦੂਜੇ ਦਿਨ ਡਾਵਾਂਡੋਲ ਹੋ ਜਾਂਦਾ ਹੈ। ਜਿਹਨਾਂ ਉੱਪਰ ਹਜ਼ੂਰ ਦੀ ਬਖਸ਼ਿਸ਼ ਹੁੰਦੀ ਹੈ ਉਹ ਸਦਾ ਹੀ ਪਾਠ ਸਿਮਰਨ ਕਰਦੇ ਹਨ ਅਤੇ ਹਜ਼ੂਰ ਦੀਆਂ ਖੁਸ਼ੀਆਂ ਲੈਂਦੇ ਹਨ।

**ਮਨਿ ਤਨਿ ਤੇਰੀ ਟੇਕ ਹੈ ਪਿਆਰੇ**

**ਮਨਿ ਤਨਿ ਤੇਰੀ ਟੇਕ॥**

ਮਾਲਿਕ ਕੋਲ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਮੇਰੇ ਮਨ ਅਤੇ ਤਨ ਵਿੱਚ ਤੁਹਾਡਾ ਵਿਸ਼ਵਾਸ ਹੈ, ਭਰੋਸਾ ਹੈ, ਤੁਹਾਡੀ ਟੇਕ ਹੈ। ਹਜ਼ੂਰ ਮੇਰੀ ਇਹ ਟੇਕ ਇਸ ਤਰਾਂ ਬਣੀ ਰਹੇ ਜਿਸ ਤਰਾਂ ਚੰਨ ਅਤੇ ਚਕੋਰ ਦੀ ਹੈ। ਹਜ਼ੂਰ ! ਐਸੀ ਪ੍ਰੀਤ ਬਖਸ਼ੀ ਰਖਿਓ।

**ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ**

**ਅੰਤਰਜਾਮੀ ਏਕ॥ ਰਹਾਉ॥**

ਹਜ਼ੂਰ ਜੋ ਵੀ ਹੋਣਾ ਹੈ ਤੁਹਾਡਾ ਕੀਤਾ ਹੋਣਾ ਹੈ। ਤੁਸੀਂ ਅੰਤਰਜਾਮੀ ਹੋ। ਤੁਸੀਂ ਸਾਡੇ ਅਧੂਰੇ ਅਤੇ ਵਿਗੜੇ ਕਾਰਜ ਪੂਰੇ ਕਰੋ। ਤਦੇ ਸੰਤਾਂ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਮਿਹਰਵਾਨੁ ਸਾਹਿਬ ਮਿਹਰਵਾਨੁ॥*
*ਸਾਹਿਬੁ ਮੇਰਾ ਮਿਹਰਵਾਨੁ॥*

*ਜੀਅ ਸਗਲ ਕਉ ਦੇਇ ਦਾਨ ॥ ਰਹਾਉ ॥*
*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥*
*(ਅੰਗ 724)*

ਜਦੋਂ ਜੀਵ ਦੇ ਮਨ ਵਿੱਚ ਐਸੀ ਭਾਵਨਾ ਆਉਂਦੀ ਹੈ ਫੇਰ ਹਜ਼ੂਰ ਰੱਖਿਆ ਕਰਦੇ ਆਏ ਹਨ ਅਤੇ ਅਗਾਂਹ ਵੀ ਕਰਦੇ ਰਹਿਣਗੇ।

# ਸਤਿਸੰਗ

**ਬਿਲਾਵਲ ਮਹਲਾ ੪ ॥ (ਅੰਗ 826)**

**ਆਪਨਾ ਪ੍ਰਭੁ ਆਇਆ ਚੀਤਿ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆ ਵਾਲਿਉ! ਤੁਸੀਂ ਸਫਰ ਕਰਦੇ ਹੋ, ਕਾਰ ਵਿੱਚ, ਬੱਸ ਵਿੱਚ ਜਾਂ ਪੈਦਲ ਹੋਂ ਜਾਂ ਖਾਣਾ ਖਾ ਰਹੇ ਹੋ ਅਤੇ ਅਗਰ ਤੁਹਾਨੂੰ ਮਾਲਿਕ ਚੇਤੇ ਆ ਜਾਣ ਤਾਂ ਸਿਮਰਨ ਕਰਨਾ ਸ਼ੁਰੂ ਕਰ ਦਿਓ।

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*(ਅੰਗ 383)*

ਜਦੋਂ ਅਸੀਂ ਮਾਲਿਕ ਨੂੰ ਵਿਸਰਦੇ ਹਾਂ ਫੇਰ ਦੁਨੀਆਂ ਦੇ ਸਾਰੇ ਮੁਕੱਦਮੇ, ਝਗੜੇ, ਉਪਾਧੀਆਂ, ਲੜਾਈਆਂ, ਬਿਮਾਰੀਆਂ ਲਾਗੂ ਹੋ ਜਾਂਦੀਆਂ ਹਨ। ਪਰ ਜੇਕਰ ਚੇਤੇ ਕਰ ਲਈਏ ਫੇਰ ਸੇਵਾ ਬਣ ਜਾਂਦੀ ਹੈ ਅਤੇ ਉਹ ਸਾਰੇ ਦੁਖ ਸੰਤਾਪ ਪਿੱਛੇ ਹੋ ਜਾਂਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਵੀ ਕਿਸੇ ਜੀਵ ਨੂੰ ਮਾਲਿਕ ਚੇਤੇ ਆਉਂਦੇ ਹਨ ਫੇਰ ਜੋ ਬਖਸ਼ਿਸ਼ ਹੁੰਦੀ ਹੈ ਉਸ ਬਾਰੇ ਅੱਗੇ ਭੇਦ ਦਰਜ ਹੈ।

**ਦੁਸਮਨ ਦੁਸਟ ਰਹੇ ਝਖ ਮਾਰਤ**

**ਕੁਸਲੁ ਭਇਆ ਮੇਰੇ ਭਾਈ ਮੀਤ ॥ ੧ ॥ ਰਹਾਉ ॥**

ਜਿੰਨੇ ਵੀ ਵਿਰੋਧੀ ਅਤੇ ਦੁਸ਼ਮਨ ਹਨ ਉਹ ਜੋ ਮਰਜ਼ੀ ਯਤਨ ਕਰ ਲੈਣ, ਝੱਖ ਮਾਰ ਲੈਣ, ਉਸ ਪਰਿਵਾਰ ਅਤੇ ਦੇਹ ਵਿੱਚ ਮਾਲਿਕ ਖੁਸ਼ੀਆਂ ਖੇੜੇ ਬਖਸ਼ ਦਿੰਦੇ ਹਨ। ਉਸ ਦੇ ਆਪਣੇ ਤਾਂ ਕੀ ਨਾਲ ਸੱਜਣਾਂ ਦੇ ਵੀ ਕਾਰਜ ਰਾਸ ਆ ਜਾਂਦੇ ਹਨ। ਸੋਈ ਮਾਲਿਕ ਨੂੰ ਚੇਤੇ ਕਰਨ ਦਾ ਐਨਾ ਲਾਭ ਹੁੰਦਾ ਹੈ। ਤਦੇ ਕਈਆਂ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਤੂੰ ਨਾ ਵਿਸਾਰੀ ਮੈਨੂੰ ਸਾਹਿਬਾ*
*ਜੇ ਮੈਂ ਭੁੱਲ ਕੇ ਵੀ ਤੈਨੂੰ ਵਿਸਾਰ ਦਿਆਂ।*

ਹਜ਼ੂਰ ਮੈਂ ਜੀਵ ਭੁੱਲਣਹਾਰ ਹਾਂ। ਤੁਸੀਂ ਮੈਨੂੰ ਨਾ ਵਿਸਾਰਿਓ। ਜਦੋਂ ਵੀ ਜੀਵ ਨੂੰ ਮਾਲਿਕ ਚੇਤੇ ਆਉਣ ਸੰਤਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਚਾਹੇ ਖਿੱਝ ਕੇ ਹੀ ਚੇਤੇ ਕਰੋ ਅਸੀਂ ਇਹ ਨਹੀਂ ਕਹਿੰਦੇ ਕਿ ਪਿਆਰ ਨਾਲ ਚੇਤੇ ਕਰੋ। ਤੁਲਸੀ ਸਾਹਿਬ ਜਿਹਨਾਂ ਨੇ ਪਵਿੱਤਰ ਰਮਾਇਣ ਲਿਖੀ ਹੈ ਇਹ ਫੁਰਮਾਉਂਦੇ ਹਨ ਕਿ

*ਤੁਲਸੀ ਅਪਨੇ ਪੀਵ ਕੋ ਰੀਝ ਭਜੋ ਚਾਹੇ ਖੀਝ।*
*ਖੇਤ ਪੜੇ ਸਭ ਉਗੇਂਗੇ ਉਲਟੇ ਸੀਧੇ ਬੀਜ।*

ਖਿੱਝ ਕੇ ਚੇਤਾ ਕੀਤਿਆਂ ਵੀ ਹਜ਼ੂਰ ਮਨਜ਼ੂਰ ਕਰ ਲੈਂਦੇ ਹਨ। ਚਾਹੇ ਇਹ ਹੀ ਕਹਿ ਦਿਓ ਕਿ ਸੱਚਿਆ ਪਾਤਿਸ਼ਾਹ! ਤੂੰ ਸਾਡਾ ਕੁਝ ਨਹੀਂ ਕੀਤਾ ਜਾਂ ਸਾਡਾ ਕੰਮ ਕਿਉਂ ਵਿਗਾੜਿਆ ਹੈ। ਤੁਸੀਂ ਸੱਚਿਆ ਪਾਤਿਸ਼ਾਹ ਕਹਿ ਦੇਵੋ ਬਾਕੀ ਆਪੇ ਮਾਲਿਕ ਜਾਣਦੇ ਹਨ।

ਬਿਆਸ ਡੇਰੇ ਆਉਣ ਵਾਲਾ ਕੋਈ ਜੀਵ ਜੋ ਕਿ ਬਹੁਤ ਵੱਡਾ ਅਫ਼ਸਰ ਸੀ ਉਹ ਬਿਮਾਰ ਹੋ ਗਿਆ ਅਤੇ ਬਿਆਸ ਹਸਪਤਾਲ ਵਿੱਚ ਦਾਖਲ ਸੀ। ਮਹਾਰਾਜ ਸਾਵਣ ਸਿੰਘ ਜੀ ਉਸਨੂੰ ਮਿਲਣ ਲਈ ਆਏ। ਉਹਨਾਂ ਦੇ ਨਾਲ ਜਿਹੜੇ ਹੋਰ ਜੀਵ ਸਨ ਉਹ ਉਸ ਨੂੰ ਕਹਿਣ ਲੱਗੇ "ਭਾਈ ਸਾਹਿਬ! ਆਪਣੀ ਸੁਰਤ ਮੱਥੇ ਉਪਰ ਲਿਆਉ ਹਾਏ ਹਾਏ ਨਾ ਕਰੋ।" ਉਹ ਕਹਿਣ ਲੱਗਾ ਵੱਡਾ ਚੌਧਰੀ ਆਇਆ ਵੱਡਾ ਭਗਤ! ਤੂੰ ਮੇਰੀ ਜਗ੍ਹਾ ਲੰਮਾ ਪੈ ਫੇਰ ਮੈਂ ਤੈਨੂੰ ਦੱਸਾਂ ਕਿ ਸੁਰਤ ਮੱਥੇ ਉੱਪਰ ਜਾਂਦੀ ਹੈ ਜਾਂ ਗਿੱਟਿਆਂ ਵਿੱਚ।" ਜਦੋਂ ਜੀਵ ਨੂੰ ਰਗੜਾ ਵੱਜ ਰਿਹਾ ਹੋਵੇ ਫੇਰ ਭਲਾ ਸੁਝਦਾ ਹੈ ਕਿ ਸੁਰਤ ਕਿੱਥੇ ਖੜਨੀ ਹੈ। ਉਸ ਵੇਲੇ ਤਾਂ ਜੀਵ ਕੋਲੋਂ ਮੂਹੋਂ ਸਤਿਨਾਮੁ ਵਾਹਿਗੁਰੂ ਵੀ ਨਹੀਂ ਨਿਕਲਦਾ। ਉਦੋਂ ਸੁਰਤ ਕਿੱਥੇ ਲਿਜਾਣੀ ਹੈ। ਸੰਤਾਂ ਨੇ ਫੁਰਮਾਇਆ ਹੈ ਕਿ

*ਜਪਾ ਮਰੇ ਆਜਪਾ ਮਰੇ ਅਨਹਦ ਭੀ ਮਰ ਜਾਇ।*

ਇਸ ਸਮੇਂ ਖਿਆਲ ਵਾਲਾ ਜਾਪ ਵੀ ਅਤੇ ਬੋਲਣ ਵਾਲਾ ਜਾਪ ਵੀ ਭੁੱਲ ਜਾਂਦਾ ਹੈ। ਸ਼ਬਦ ਵੀ ਸੁਣਨੋਂ ਬੰਦ ਹੋ ਜਾਂਦਾ ਹੈ।

*ਸੁਰਤ ਸਮਾਨੀ ਸ਼ਬਦ ਮਹਿ ਤਾ ਕੋ ਕਾਲ ਨ ਖਾਇ।*

ਅਗਰ ਜੀਵ ਦੀ ਸੁਰਤ ਪਹਿਲਾਂ ਹੀ ਸ਼ਬਦ ਨਾਲ ਜੁੜੀ ਹੋਈ ਹੈ ਫੇਰ ਕਾਲ ਕੁਝ ਨਹੀਂ ਕਰਦਾ। ਸੋਈ ਖਿਝ ਕੇ ਜਾਂ ਪਿਆਰ ਨਾਲ ਚੇਤੇ ਕਰ ਲਉ ਉਹ ਮਾਲਿਕ ਹਾਜ਼ਰੀ ਲਗਾ ਦਿੰਦੇ ਹਨ। ਅਤੇ ਉਸ ਜੀਵ ਦੇ ਤਾਂ ਕੀ ਉਸ ਦੇ ਸੱਜਣਾਂ ਦੇ ਵੀ ਕਾਰਜ ਸੁਆਰ ਦਿੰਦੇ ਹਨ।

**ਗਈ ਬਿਆਧਿ ਉਪਾਧਿ ਸਭ ਨਾਸੀ**

**ਅੰਗੀਕਾਰੁ ਕੀਓ ਕਰਤਾਰਿ ॥**

ਉਸ ਦੇ ਸਾਰੇ ਝਗੜੇ ਅਤੇ ਬਿਮਾਰੀਆਂ ਹਜ਼ੂਰ ਦੂਰ ਕਰਕੇ ਉਸ ਨੂੰ ਭੱਜ ਕੇ ਗਲ ਨਾਲ ਲਾ ਲੈਂਦੇ ਹਨ।

*ਬਾਂਹਿ ਪਕੜ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ।*
ਮਾਲਿਕ ਉਸ ਜੀਵ ਦੀ ਬਾਂਹ ਫੜ ਕੇ ਡੁੱਬਦੇ ਨੂੰ ਹਨੇਰੇ ਖੂਹ ਵਿੱਚੋਂ ਬਾਹਰ ਕੱਢ ਲੈਂਦੇ ਹਨ।

**ਸਾਂਤਿ ਸੂਖ ਅਰੁ ਅਨਦ ਘਨੇਰੇ**
**ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥**

ਐ ਜੀਵ! ਅਗਰ ਤੂੰ ਉਸ ਪ੍ਰਭੂ ਦਾ ਨਾਮ ਹਿਰਦੇ ਵਿੱਚ ਧਿਆਵੇਂਗਾ ਫੇਰ ਤੈਨੂੰ ਸਾਰੀਆਂ ਖੁਸ਼ੀਆਂ ਅਤੇ ਖੇੜੇ ਪ੍ਰਾਪਤ ਹੋਣਗੇ।

**ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ**
**ਤੂੰ ਸਮਰਥੁ ਸੁਆਮੀ ਮੇਰਾ ॥**

ਸੱਚੇ ਪਾਤਿਸ਼ਾਹੋ!
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥੧॥ (ਅੰਗ 383)*

ਜੀਉ ਸਵਾਸ ਨੂੰ ਅਤੇ ਪਿੰਡ ਦੇਹ ਨੂੰ ਕਹਿੰਦੇ ਹਨ। ਹਜ਼ੂਰ ਸਭ ਕੁਝ ਤੁਹਾਡਾ ਬਖਸ਼ਿਆ ਹੋਇਆ ਹੈ।
*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ੨੦੩ ॥*
*(ਅੰਗ 1375)*

ਮਾਲਿਕ ਕੋਲ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਸੁਆਸ ਤੁਹਾਡੇ ਹਨ, ਦੇਹ ਤੁਹਾਡੀ ਹੈ ਮੇਰਾ ਤਾਂ ਕੁਝ ਵੀ ਨਹੀਂ ਹੈ। ਤੁਸੀਂ ਕਿਰਪਾ ਕਰਕੇ ਇਸ ਪਰਿਵਾਰ ਵਿੱਚ ਖੁਸ਼ੀਆਂ ਖੇੜੇ ਬਖਸ਼ੋ।

**ਦਾਸ ਅਪੁਨੇ ਕਉ ਰਾਖਨਹਾਰਾ**
**ਨਾਨਕ ਦਾਸ ਸਦਾ ਹੈ ਚੇਰਾ ॥**

ਹਜੂਰ ਫੁਰਮਾਨ ਕਰ ਰਹੇ ਹਨ ਕਿ ਨਿਸ਼ਚੇ ਰੱਖੋ ਉਹ ਪ੍ਰਭੂ, ਵਾਹਿਗੁਰੂ, ਅਕਾਲ ਪੁਰਖ, ਧੁਰ ਦੀ ਬਾਣੀ, ਰਾਮ ਸਦਾ ਹੀ ਆਪਣੇ ਦਾਸਾਂ ਦੀ ਲਾਜ ਰੱਖਦੇ ਹਨ। ਪਰ ਸਾਨੂੰ ਚੇਰੇ ਅਰਥਾਤ ਨੌਕਰਾਂ ਦੇ ਨੌਕਰ ਬਣਨਾ ਪੈਣਾ ਹੈ।
*ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥*
*ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥੧॥*
*(ਅੰਗ 400)*

ਹਜੂਰ ਮੈਨੂੰ ਆਪਣਾ ਦਾਸ ਬਣਾ ਕੇ ਮੇਰੇ ਉੱਪਰ ਕਿਰਪਾ ਕਰੋ। ਕਿਉਂਕਿ ਜੋ ਜੀਵ ਦਾਸ ਬਣ ਜਾਂਦੇ ਹਨ।
*ਜੇ ਤੂੰ ਹੋ ਜਾਏ ਗਰੀਬ ਤੈਨੂੰ ਮਿਲਣ ਗਰੀਬ ਨਿਵਾਜ।*

ਜਦੋਂ ਇਨਸਾਨ ਗਰੀਬੀ ਦਾਅਵੇ ਵਿੱਚ ਆਉਂਦਾ ਹੈ ਫੇਰ ਉਹ ਗਰੀਬ ਨਿਵਾਜ ਮਾਲਿਕ ਉਸ ਜੀਵ ਉੱਪਰ ਅਵੱਸ਼ ਕਿਰਪਾ ਕਰਦੇ ਹਨ।

# ਸਤਿਸੰਗ

**ਰਾਗੁ ਸੂਹੀ ਬਾਣੀ ਭਗਤ ਕਬੀਰ ਜੀਉ**
**ਤਥਾ ਸਭਨਾ ਭਗਤਾ ਕੀ ॥ ਕਬੀਰ ਕੇ ॥ (ਅੰਗ 792)**
**ੴ ਸਤਿਗੁਰ ਪ੍ਰਸਾਦਿ ॥**
**ਅਵਤਰਿ ਆਇ ਕਹਾ ਤੁਮ ਕੀਨਾ ॥**
**ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਪੂਰਨ ਸੰਤ ਸਤਿਗੁਰੂ ਕਬੀਰ ਸਾਹਿਬ ਜੀ ਫੁਰਮਾਨ ਕਰ ਰਹੇ ਹਨ ਕਿ ਐ ਦੁਨੀਆਂ ਵਾਲਿਉ! ਅਗਰ ਮਾਲਿਕ ਨੇ ਸਾਨੂੰ ਮਾਣਸ ਜਨਮ ਬਖ਼ਸ਼ਿਆ ਹੈ ਤਦ ਅਸੀਂ ਇਸ ਦਾ ਲਾਹਾ ਲੈਣ ਲਈ ਕੀ ਕਰਦੇ ਹਾਂ। ਹਜ਼ੂਰ ਕਬੀਰ ਸਾਹਿਬ ਨੂੰ ਪੁੱਛਿਆ ਗਿਆ ਕਿ ਤੁਸੀਂ ਕੀ ਕਰਦੇ ਹੋ ਉਹਨਾਂ ਨੇ ਫੁਰਮਾਇਆ ਕਿ
*ਓਛੀ ਮਤਿ ਮੇਰੀ ਜਾਤਿ ਜੁਲਾਹਾ ॥*
*ਹਰਿ ਕਾ ਨਾਮੁ ਲਹਿਓ ਮੈ ਲਾਹਾ ॥*
*ਕਹਤ ਕਬੀਰ ਸੁਨਹੁ ਮੇਰੀ ਮਾਈ ॥*
*ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥ (ਅੰਗ 524)*

ਸਾਡਾ ਅਤੇ ਤੁਹਾਡਾ ਸਭਨਾਂ ਦਾ ਦਾਤਾ ਉਹ ਰਘੂਪਤੀ ਰਾਜਾ ਰਾਮ ਹੈ। ਜੇ ਅਸੀਂ ਉਸ ਰਾਮ ਦਾ ਨਾਮ ਨਹੀਂ ਲੈਂਦੇ ਫੇਰ ਸਾਡਾ ਦੁਨੀਆਂ ਵਿੱਚ ਆਉਣਾ ਕਿਸੇ ਅਰਥ ਨਹੀਂ ਹੈ। ਵਾਸਤਵ ਵਿੱਚ ਇਨਸਾਨ ਨੂੰ ਜੋ ਮਾਣਸ ਜਨਮ ਮਿਲਦਾ ਹੈ ਉਸ ਜਨਮ ਲਈ ਦੇਵੀ-ਦੇਵਤੇ ਵੀ ਪੁਕਾਰਾਂ ਕਰਦੇ ਹਨ।
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥੧॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥੧॥ (ਅੰਗ 1159)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਸੀਂ ਜਨਮ ਤਾਂ ਲੈ ਲਿਆ ਹੈ ਪਰ ਰਾਮ ਦਾ ਨਾਮ ਕਦੇ ਨਹੀਂ ਜਪਦੇ। ਇਸ ਕਰਕੇ ਆਪਾਂ ਕੋਈ ਖੱਟੀ ਨਹੀਂ ਖਟਦੇ।

**ਰਾਮ ਨ ਜਪਹੁ ਕਵਨ ਮਤਿ ਲਾਗੇ ॥**
**ਮਰਿ ਜਾਇਬੇ ਕਉ ਕਿਆ ਕਰਹੁ ਅਭਾਗੇ ॥੧॥ ਰਹਾਉ ॥**

ਪਤਾ ਨਹੀਂ ਸਾਡੀ ਮੱਤ ਨੂੰ ਕੀ ਹੋ ਗਿਆ ਹੈ। ਅਸੀਂ ਚੌਵੀ ਘੰਟਿਆਂ ਵਿੱਚੋਂ ਇੱਕ ਪਲ ਲਈ ਵੀ ਰਾਮ ਦਾ ਨਾਮ ਜਪਦੇ ਨਹੀਂ ਹਾਂ। ਅਸੀਂ ਹੋਰ ਪਾਸੇ ਤੁਰੇ ਫਿਰਦੇ ਹਾਂ। ਫੇਰ ਜਦੋਂ ਸਾਡੀ ਮੌਤ ਹੋਵੇਗੀ ਅਸੀਂ ਦੁਨੀਆਂ ਵਿੱਚੋਂ ਅਭਾਗੇ ਚਲੇ ਜਾਵਾਂਗੇ। ਫੇਰ ਉਸ ਸਮੇਂ ਸਾਡਾ ਪਛਤਾਵਾ ਕਿਸੇ ਕੰਮ ਨਹੀਂ ਆਉਣਾ।

ਕਿਉਂਕਿ

*ਆਛੇ ਦਿਨ ਪਾਛੇ ਗਏ*
*ਗੁਰ ਸਿਉ ਕੀਆ ਨਾ ਹੇਤ॥*
*ਅਬ ਪਛਤਾਏ ਕਿਆ ਹੋਤ*
*ਜਬ ਚਿੜੀਆ ਚੁਗ ਗਈ ਖੇਤ॥*

ਜਦੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀਆਂ ਚਿੜੀਆਂ ਨੇ ਸਾਡੇ ਸੁਆਸ ਚੁਗ ਲਏ ਫੇਰ ਅਸੀਂ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਕਰ ਸਕਣਾ।

**ਦੁਖ ਸੁਖ ਕਰਿ ਕੈ ਕੁਟੰਬ ਜੀਵਾਇਆ॥**

**ਮਰਤੀ ਬਾਰ ਇਕਸਰ ਦੁਖੁ ਪਾਇਆ॥੨॥**

ਵਿਦੇਸ਼ਾਂ ਵਿੱਚ ਰਹਿ ਕੇ ਨੌਕਰੀਆਂ ਕਰਦੇ ਹਾਂ। ਅਸੀਂ ਦੁਬਈ ਵਿੱਚ ਵੇਖਿਆ ਹੈ ਕਿ ਜਿਹੜੇ ਬੱਚੇ ਇੱਥੇ ਹਲ ਵਾਹ ਕੇ ਖੁਸ਼ ਨਹੀਂ ਹਨ, ਘਰ ਵਿੱਚ ਕੰਮ ਕਰਕੇ ਖੁਸ਼ ਨਹੀਂ ਹਨ, ਉੱਥੇ ਉਹਨਾਂ ਦੀਆਂ ਲੱਤਾਂ ਅਤੇ ਬਾਹਾਂ ਦੇ ਵਿੱਚੋਂ ਦੀ ਪਟਾ ਜਿਹਾ ਪਾ ਕੇ ਉਹ 35-35, 40-40 ਮੰਜ਼ਿਲਾਂ ਉੱਚੇ ਲਟਕੇ ਹੁੰਦੇ ਹਨ। ਬਹੁਤ ਸਾਰੇ ਵਾਕਿਆ ਐਸੇ ਹੁੰਦੇ ਹਨ ਕਿ ਉਹ ਪਟਾ ਟੁੱਟ ਜਾਣ ਕਾਰਨ ਬਹੁਤਿਆਂ ਦੀ ਮੌਤ ਹੋ ਜਾਂਦੀ ਹੈ। ਅਗਰ ਕਿਸੇ ਬਾਂਸ ਵਾਲੀ ਪੌੜੀ ਉੱਪਰ ਚੜ੍ਹ ਕੇ ਥੱਲੇ ਨੂੰ ਦੇਖੋ ਤਾਂ ਡਰ ਆਉਂਦਾ ਹੈ। ਪਰ ਉੱਥੇ ਅਸੀਂ ਕੁਟੰਬ ਦੀ ਖਾਤਿਰ 35-35, 40-40 ਮੰਜ਼ਿਲਾ ਉੱਪਰ ਟੰਗੇ ਹੁੰਦੇ ਹਾਂ। ਇੱਧਰ ਭੈਣ-ਭਰਾ, ਰਿਸ਼ਤੇਦਾਰ ਸੋਚਦੇ ਹਨ ਕਿ ਸਾਡਾ ਲੜਕਾ ਵਿਦੇਸ਼ ਗਿਆ ਹੋਇਆ ਹੈ। ਖੂਬ ਐਸ਼ ਕਰੋ, ਪੈਸੇ ਖਰਚੋ, ਸ਼ਰਾਬਾਂ ਪੀਉ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਔਖ-ਸੌਖ ਕੱਟ ਕੇ ਅਸੀਂ ਕੁਟੰਬ ਦੀ ਖਾਤਿਰ ਪੈਸੇ ਕਮਾਉਂਦੇ ਹਾਂ ਪਰ ਅਖੀਰਲੇ ਸਮੇਂ ਉਹ ਸਾਡੇ ਕੰਮ ਨਹੀਂ ਆਉਂਦੇ। ਇਹ ਠੀਕ ਹੈ ਕਿ ਅਸੀਂ ਪਰਿਵਾਰਿਕ ਤੌਰ 'ਤੇ ਵਿਆਹ-ਸ਼ਾਦੀਆਂ ਕਰਾਉਂਦੇ ਹਾਂ, ਗ੍ਰਿਹਸਤੀ ਜੀਵਨ ਬਿਤਾਉਂਦੇ ਹਾਂ। ਬੱਚਿਆਂ ਨੂੰ ਪੜ੍ਹਾਉਣਾ ਵੀ ਹੈ, ਵੱਡਿਆਂ ਵੀ ਕਰਨਾ ਹੈ, ਉਹਨਾਂ ਦੇ ਵਿਆਹ ਵੀ ਕਰਨੇ ਹਨ। ਪਰ ਨਾਲ ਦੀ ਨਾਲ ਆਪਣੇ ਲਈ ਵੀ ਸਮਾਂ ਕੱਢਣਾ ਚਾਹੀਦਾ ਹੈ। ਭਾਵ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਅਸੀਂ ਵੀ ਦੇਸ਼-ਵਿਦੇਸ਼ ਵਿੱਚ ਰਹਿ ਕੇ, ਦੁੱਖ ਸੁੱਖ ਵਿੱਚ ਰਹਿ ਕੇ ਸਿਮਰਨ ਕਰਦੇ ਹਾਂ। ਜੰਮੂ ਕਸ਼ਮੀਰ ਵਿਖੇ ਸਰਵਿਸ ਦੌਰਾਨ ਰਹੇ ਸਾਂ। ਉਦੋਂ ਡਾਕ ਦਾ ਪ੍ਰਬੰਧ ਵਧੀਆ ਨਾ ਹੋਣ ਕਾਰਨ ਅੱਠ-ਅੱਠ, ਦਸ-ਦਸ ਮਹੀਨੇ ਚਿੱਠੀ ਨਹੀਂ ਸੀ ਮਿਲਦੀ। ਘਰਦਿਆਂ ਨੂੰ ਪਤਾ ਨਹੀਂ ਸੀ ਹੁੰਦਾ ਕਿ ਅਸੀਂ ਜਿਉਂਦੇ ਹਾਂ ਜਾਂ ਨਹੀਂ। ਐਸੇ ਸਮੇਂ ਵਿੱਚ ਰਹਿ ਕੇ ਵੀ ਜੀਵ ਪਰਿਵਾਰ ਲਈ ਸਭ ਕੁਝ ਕਰਦਾ ਹੈ ਪਰ ਜਦੋਂ ਬੁਢਾਪੇ ਵਿੱਚ ਆ ਕੇ ਜਿਹੜੇ ਮੋਢੇ ਆਪਣੇ ਬੱਚਿਆਂ ਨੂੰ ਉੱਪਰ ਬਿਠਾ ਕੇ ਤੁਰਦੇ ਰਹੇ ਹਨ ਜਦੋਂ ਇਹ ਮੋਢੇ ਝੁੱਕ ਜਾਂਦੇ ਹਨ ਉਦੋਂ ਉਹੋ ਬੱਚੇ ਉਹਨਾਂ ਨੂੰ ਸਹਾਰਾ ਨਹੀਂ ਦਿੰਦੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਡੀ ਇਹ ਦਸ਼ਾ ਹੈ। ਪਰ ਅਸੀਂ ਮੋਹ ਵਿੱਚ ਫਸ ਕੇ ਫੇਰ ਵੀ ਉਹਨਾਂ ਨਾਲ ਹੀ ਜੁੜੇ ਰਹਿੰਦੇ ਹਾਂ। ਅਤੇ ਆਪਣੇ ਲਈ ਕੁਝ ਨਹੀਂ ਕਰਦੇ।

**ਕੰਠ ਗਹਨ ਤਬ ਕਰਨ ਪੁਕਾਰਾ॥**

**ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ॥੩॥੧॥**

ਫੇਰ ਅਵਾਜ਼ ਵੀ ਨਿਕਲਣੀ ਬੰਦ ਹੋ ਜਾਂਦੀ ਹੈ, ਜੀਵ ਤੋਂ ਬੋਲਿਆ ਨਹੀਂ ਜਾਂਦਾ। ਉਦੋਂ ਤੇਰੀ ਸੰਭਾਲ ਕੌਣ ਕਰੇਗਾ।

*ਨੈਨਹੁ ਨੀਰੁ ਬਹੈ ਤਨੁ ਖੀਨਾ*
*ਭਏ ਕੇਸ ਦੁਧ ਵਾਨੀ॥*
*ਰੂਧਾ ਕੰਠੁ ਸਬਦੁ ਨਹੀ ਉਚਰੈ*
*ਅਬ ਕਿਆ ਕਰਹਿ ਪਰਾਨੀ॥੧॥ (ਅੰਗ 659)*

ਅੱਖਾਂ ਵਿੱਚੋਂ ਪਾਣੀ ਵਗਣ ਲੱਗ ਪੈਂਦਾ ਹੈ। ਤਨ ਕੰਬਣ ਲੱਗ ਪੈਂਦਾ ਹੈ। ਵਾਲ ਦੁੱਧ ਵਰਗੇ ਚਿੱਟੇ ਹੋ ਜਾਂਦੇ ਹਨ। ਗਲੇ ਵਿੱਚੋਂ ਅਵਾਜ਼ ਨਹੀਂ ਨਿਕਲਦੀ। ਫੇਰ ਆਪਾਂ ਕੀ ਕਰਾਂਗੇ। ਕਿਉਂਕਿ

*ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥*
*ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥੪੧॥*
*(ਅੰਗ 1380)*

ਜਦੋਂ ਅਸੀਂ ਬੱਚਿਆਂ ਨੂੰ ਦੇਖਦੇ ਹਾਂ ਉਹ ਭੱਜ ਕੇ ਪੌੜੀਆਂ ਚੜ੍ਹਦੇ ਹਨ, ਭੱਜ ਕੇ ਉਤਰਦੇ ਹਨ। ਅਸੀਂ ਸੋਚਦੇ ਹਾਂ ਕਿ ਅਸੀਂ ਵੀ ਕਦੀ ਇੱਦਾਂ ਹੀ ਭੱਜ ਕੇ ਚੜ੍ਹਿਆ ਕਰਦੇ ਸੀ। ਪਰ ਹੁਣ ਸਹਾਰਾ ਤੱਕੀਦਾ ਹੈ। ਕਿਉਂਕਿ ਜਾਂ ਤਾਂ ਬਜ਼ੁਰਗ ਸਹਾਰਾ ਤੱਕਦੇ ਹਨ ਜਾਂ ਬੱਚੇ ਸਹਾਰਾ ਤੱਕਦੇ ਹਨ। ਤੁਸੀਂ ਦੇਖਿਆ ਹੋਵੇਗਾ ਕਿ ਜਦੋਂ ਬੱਚਾ ਮਾਂ ਦਾ ਦੁੱਧ ਪੀ ਰਿਹਾ ਹੁੰਦਾ ਹੈ ਤਾਂ ਉਸ ਨੇ ਮਾਂ ਦੇ ਗਲੇ ਦੀ ਚੇਨੀ ਨੂੰ ਘੁੱਟ ਕੇ ਫੜਿਆ ਹੁੰਦਾ ਹੈ। ਉਸ ਨੂੰ ਉਸ ਚੇਨੀ ਦਾ ਸਹਾਰਾ ਹੁੰਦਾ ਹੈ ਕਿ ਮਾਂ ਕਿਤੇ ਮੈਨੂੰ ਛੱਡ ਕੇ ਚਲੀ ਨਾ ਜਾਵੇ। ਕੁਝ ਹੋਰ ਨਾ ਮਿਲੇ ਤਦ ਉਸ ਨੇ ਮਾਂ ਦੇ ਕਮੀਜ਼ ਨੂੰ ਘੁੱਟ ਕੇ ਫੜਿਆ ਹੁੰਦਾ ਹੈ। ਅਸਲ ਵਿੱਚ ਉਹ ਸਹਾਰਾ ਲੱਭਦਾ ਹੈ। ਇਸੇ ਤਰ੍ਹਾਂ ਜਦੋਂ ਇਨਸਾਨ ਬਿਰਧ ਹੋ ਜਾਂਦਾ ਹੈ ਫੇਰ ਆਪਣੇ ਪੋਤਰਿਆਂ-ਦੋਹਤਰਿਆਂ ਨੂੰ ਅਵਾਜਾਂ ਮਾਰਦਾ ਹੈ। ਇਹ ਮੋਹ ਦਾ ਜਾਲ ਐਸਾ ਹੈ ਕਿ ਇਨਸਾਨ ਸਭ ਕੁਝ ਕਰਦਾ ਹੋਇਆ ਵੀ ਮਾਰ ਖਾਈ ਜਾਂਦਾ ਹੈ, ਧੱਕੇ ਖਾਈ ਜਾਂਦਾ ਹੈ। ਹਜ਼ੂਰ ਕਬੀਰ ਸਾਹਿਬ ਫ਼ੁਰਮਾਨ ਕਰ ਰਹੇ ਹਨ ਕਿ ਫੇਰ ਇਸ ਦਾ ਕੋਈ ਫਾਇਦਾ ਨਹੀਂ ਹੋਣਾ। ਐਸਾ ਨਹੀਂ ਹੈ ਕਿ ਅਸੀਂ ਰਿਸ਼ਤੇਦਾਰ, ਭੈਣ, ਭਰਾ, ਦੋਸਤ, ਮਿੱਤਰ ਛੱਡ ਦੇਣੇ ਹਨ। ਹਰ ਰਿਸ਼ਤੇ ਨੂੰ ਉਸ ਦੇ ਪ੍ਰਥਾਇ ਰੱਖਣਾ ਹੈ। ਮਾਂ ਨੂੰ ਮਾਂ ਦੀ ਜਗ੍ਹਾ, ਘਰਵਾਲੀ ਨੂੰ ਉਸ ਦੀ ਜਗ੍ਹਾ ਰੱਖੋ। ਧੀ-ਜਵਾਈ ਨੂੰ ਉਹਨਾਂ ਦੀ ਥਾਂ, ਨੂੰਹ-ਪੁੱਤਰ ਨੂੰ ਉਹਨਾਂ ਦੀ ਥਾਂ ਰੱਖੋ। ਜਦੋਂ ਆਪਾਂ ਉਸ ਸਿਸਟਮ ਨੂੰ ਅੱਗੇ-ਪਿੱਛੇ ਕਰਦੇ ਹਾਂ ਫੇਰ ਉਹ ਸਿਸਟਮ ਵਿਗੜ ਜਾਂਦਾ ਹੈ। ਜਿਸ ਤਰ੍ਹਾਂ ਕੰਪਿਊਟਰ ਦਾ ਗਲਤ ਬਟਨ ਦੱਬੇ ਜਾਣ ਨਾਲ ਸਾਰਾ ਸਿਸਟਮ ਵਿਗੜ ਜਾਂਦਾ ਹੈ। ਸਾਰੇ ਸਿਸਟਮ ਨੂੰ ਸਹੀ ਰੱਖਣ ਲਈ ਆਪਾਂ ਨੂੰ ਸਿਮਰਨ ਬੰਦਗੀ ਅਵੱਸ਼ ਕਰਨੀ ਚਾਹੀਦੀ ਹੈ। ਉਸ ਵਾਸਤੇ ਹਜ਼ੂਰ ਨੇ

ਬਹੁਤ ਛੋਟਾਂ ਦਿੱਤੀਆਂ ਹਨ ਕਿ

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥*
*(ਅੰਗ 1377)*

ਇੱਕ ਘੜੀ ਚੌਵੀ ਮਿੰਟ, ਅੱਧੀ ਬਾਰਾਂ ਮਿੰਟ, ਅੱਧੀ ਤੋਂ ਅੱਧੀ ਛੇ ਮਿੰਟ ਹੈ। ਘੜੀ ਚੌਵੀ ਮਿੰਟਾਂ ਤੋਂ ਵੀ ਥੋੜ੍ਹੀ ਜਿਹੀ ਘੱਟ ਹੁੰਦੀ ਹੈ। ਪਿਛਲੇ ਸਮੇਂ ਅਨੁਸਾਰ ਢਾਈ ਘੜੀਆਂ ਦਾ ਇੱਕ ਪਲ ਹੁੰਦਾ ਸੀ। ਸੋਈ ਇਸ ਕਰਕੇ ਪਲ ਦੋ ਪਲ ਸਿਮਰਨ ਕਰੋ। ਜਦੋਂ ਸਾਡੇ ਸਰੀਰ ਦੇ ਸਾਰੇ ਅੰਗ ਜੁਆਬ ਦੇ ਗਏ ਫੇਰ ਆਪਾਂ ਕੀ ਕਰਾਂਗੇ?

ਇੱਕ ਵਾਰ ਇੱਕ ਜੀਵ ਜੋ ਕਿ ਬਹੁਤ ਲੰਮਾ, ਚੌੜਾ ਜਵਾਨ ਸੀ, ਨੂੰ ਦੋ ਬੀਬੀਆਂ ਅਤੇ ਦੋ ਪੁਰਸ਼ ਚੁੱਕ ਕੇ ਗੁਰਦੁਆਰਾ ਗੋਇੰਦਵਾਰ ਸਾਹਿਬ ਵਿਖੇ ਬਉਲੀ ਸਾਹਿਬ ਲੈ ਕੇ ਜਾ ਰਹੇ ਸਨ। ਅਸੀਂ ਕਿਹਾ ਤੁਸੀਂ ਵਿਰਕ ਲੱਗਦੇ ਹੋ ਕਿਉਂਕਿ ਵਿਰਕ ਹੀ ਅਜਿਹੇ ਜਵਾਨ ਹੁੰਦੇ ਹਨ। ਉਹ ਕਹਿਣ ਲੱਗਾ, ਹਾਂ ਮੈਂ ਵਿਰਕ ਹੀ ਹਾਂ। ਅਸੀਂ ਪੁੱਛਿਆ ਇਹ ਤੁਹਾਡੇ ਧੀ-ਜਵਾਈ ਹਨ ਜਾਂ ਨੂੰਹ-ਪੁੱਤਰ ਹਨ? ਉਹ ਕਹਿਣ ਲੱਗਾ ਇਕ ਧੀ-ਜਵਾਈ ਹੈ, ਇੱਕ ਨੂੰਹ-ਪੁੱਤਰ ਹੈ। ਅਸੀਂ ਕਿਹਾ ਤੁਹਾਡੇ ਕੋਲ ਜ਼ਮੀਨ ਵੀ ਕਾਫ਼ੀ ਹੋਵੇਗੀ। ਉਸ ਨੇ ਦੱਸਿਆ ਕਿ ਉਸ ਕੋਲ ਸੌ-ਡੇਢ ਸੌ ਕਿੱਲਾ ਜ਼ਮੀਨ ਹੈ, ਟਰੱਕ ਅਤੇ ਬੱਸਾਂ ਵੀ ਹਨ। ਅਸੀਂ ਕਿਹਾ ਤੁਸੀਂ ਇਹਨਾਂ ਨੂੰ ਕਿਹਾ ਹੋਵੇਗਾ ਕਿ ਮੈਨੂੰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾ ਲਿਆਉ ਨਹੀਂ ਤਾਂ ਮੈਂ ਜ਼ਮੀਨ-ਜਾਇਦਾਦ ਕਿਸੇ ਗੁਰਦੁਆਰੇ ਦੇ ਨਾਮ ਲਾ ਦੇਣੀ ਹੈ। ਉਹ ਕਹਿਣ ਲੱਗਾ, ਬਿਲਕੁੱਲ ਠੀਕ। ਇਹ ਮੈਨੂੰ ਘਰੋਂ ਲਿਆਉਂਦੇ ਨਹੀਂ ਸਨ। ਮੈਂ ਇਹਨਾਂ ਨੂੰ ਇਹੋ ਹੀ ਦਬਕਾ ਮਾਰਿਆ ਸੀ। ਅਸੀਂ ਕਿਹਾ ਫੇਰ ਤਾਂ ਇਹ ਤੁਹਾਡੀਆਂ ਜ਼ਮੀਨਾਂ ਅਤੇ ਟਰੱਕਾਂ ਨੂੰ ਚੁਕੀ ਫਿਰਦੇ ਹਨ ਇਹਨਾਂ ਨੇ ਤੁਹਾਨੂੰ ਨਹੀਂ ਚੁੱਕਿਆ ਹੋਇਆ। ਅਸੀਂ ਉਸ ਨੂੰ ਕਿਹਾ ਵਿਰਕ ਸਾਹਿਬ! ਜਦੋਂ ਜਵਾਨੀ ਵਾਰੇ ਤੁਸੀਂ ਆਪ ਉਤਰ ਚੜ੍ਹ ਸਕਦੇ ਸੀ ਉਦੋਂ ਕਿਉਂ ਨਹੀਂ ਬਾਉਲੀ ਸਾਹਿਬ ਆਏ। ਤੁਸੀਂ ਸਭ ਨੇ ਦੇਖਿਆ ਹੋਵੇਗਾ ਕਿ ਬਾਉਲੀ ਸਾਹਿਬ ਦੀਆਂ ਚੁਰਾਸੀ ਪਉੜੀਆਂ ਚੜ੍ਹਦਿਆਂ-ਉਤਰਦਿਆਂ ਤਕੜੇ ਜੀਵ ਨੂੰ ਵੀ ਸਾਹ ਚੜ੍ਹ ਜਾਂਦਾ ਹੈ। ਪਰ ਜਿਸ ਨੇ ਕੁਇੰਟਲ ਭਾਰ ਚੁੱਕਿਆ ਹੋਵੇ ਉਹ ਤਾਂ ਹੌਂਕਦੇ ਹੋਏ ਫਸੇ ਹੀ ਜ਼ਮੀਨ-ਜਾਇਦਾਦ ਦੀ ਖਾਤਿਰ ਚੁੱਕੀ ਫਿਰਦੇ ਸਨ। ਅਸੀਂ ਉਸ ਸਮੇਂ ਨੂੰ ਚੇਤੇ ਨਹੀਂ ਕਰਦੇ ਕਿ ਸਾਡੇ ਉੱਪਰ ਐਸਾ ਸਮਾਂ ਵੀ ਆਉਣਾ ਹੈ ਕਿ

*ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥*
*ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥੧੨੮॥*
*(ਅੰਗ 1371)*

ਇੱਕ ਦਿਨ ਤੂੰ ਲੰਮੇ ਪੈ ਕੇ ਸੌ ਜਾਣਾ ਹੈ। ਤੈਨੂੰ ਸਭ ਨੇ ਅਵਾਜ਼ਾਂ ਮਾਰਨੀਆਂ ਹਨ ਪਰ ਤੇਰੇ ਕੋਲੋਂ ਉੱਠਿਆ ਨਹੀਂ ਜਾਣਾ। ਹਜ਼ੂਰ ਕਬੀਰ ਸਾਹਿਬ ਫ਼ੁਰਮਾਨ ਕਰ ਰਹੇ ਹਨ ਕਿ ਫੇਰ ਉਸ ਸਮੇਂ ਸਾਡਾ ਹੋਰ ਕੋਈ ਚਾਰਾ ਨਹੀਂ ਚੱਲਣਾ। ਇਸ ਲਈ ਸਾਨੂੰ ਸਿਮਰਨ ਅਤੇ ਬੰਦਗੀ ਕਰਨੀ ਚਾਹੀਦੀ ਹੈ।

# ਸਤਿਸੰਗ

**ਬਿਲਾਵਲੁ ਮਹਲਾ ੫॥ (ਅੰਗ 824)**

**ਧੀਰਉ ਦੇਖਿ ਤੁਮ੍ਹਾਰੇ ਰੰਗਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸਾਨੂੰ ਇੱਕ ਸਿੱਖਿਆ, ਸੋਝੀ ਅਤੇ ਭੇਦ ਬਖਸ਼ ਰਹੇ ਹਨ। ਉਹ ਆਪਣੇ ਹਜ਼ੂਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਉਸਤਿਤ ਕਰ ਰਹੇ ਹਨ ਕਿ ਹਜ਼ੂਰ ਤੁਹਾਡੇ ਚੋਜ ਅਤੇ ਰੰਗ ਦੇਖ ਕੇ ਮੈਨੂੰ ਬਹੁਤ ਹੌਂਸਲਾ ਮਿਲਦਾ ਹੈ। ਮੈਨੂੰ ਬਹੁਤ ਸ਼ਕਤੀ ਅਤੇ ਵਿਸ਼ਵਾਸ ਮਿਲਦਾ ਹੈ।

**ਤੁਹੀ ਸੁਆਮੀ ਅੰਤਰਜਾਮੀ**
**ਤੂ ਹੀ ਵਸਹਿ ਸਾਧ ਕੈ ਸੰਗਾ॥੧॥ ਰਹਾਉ॥**

ਸੁਆਮੀ ਸਿਰ ਦੇ ਤਾਜ ਨੂੰ ਕਹਿੰਦੇ ਹਨ। ਹਜ਼ੂਰ ਸਵਾਮੀ ਅਰਥਾਤ ਸਿਰ ਦੇ ਤਾਜ ਤੁਸੀਂ ਹੋ ਅਤੇ ਅੰਤਰਜਾਮੀ ਵੀ ਤੁਸੀਂ ਹੀ ਹੋ। ਸਾਨੂੰ ਅਗਰ ਕਿਤੇ ਮੈਂਬਰ, ਸਰਪੰਚ, ਐਮ.ਐਲ.ਏ., ਐਮ.ਪੀ. ਦਾ ਜਾਂ ਹੋਰ ਕੋਈ ਅਹੁਦਾ ਮਿਲ ਜਾਵੇ ਤਦ ਅਸੀਂ ਕਿਸੇ ਦੀ ਗੱਲ ਸੁਣਦੇ ਨਹੀਂ ਹਾਂ। ਪਰ ਧੰਨ ਉਹ ਸਤਿਗੁਰ ਹਨ ਜੋ ਕਿ ਲੋਕਾਂ ਨੂੰ ਅਹੁਦੇ ਬਖ਼ਸ਼ਦੇ ਹਨ ਪਰ ਭਗਤਾਂ ਨਾਲ ਬਹੁਤ ਹੀ ਪਿਆਰ ਅਤੇ ਲਾਡ ਕਰਦੇ ਹਨ। ਉਹ ਭਗਤਾਂ ਦੇ ਘਰ ਆ ਕੇ ਸੇਵਾਦਾਰ ਬਣ ਕੇ ਸੇਵਾ ਕਰਦੇ ਹਨ।

ਸੰਤ ਨਾਮਦੇਵ ਜੀ ਮਹਾਰਾਜ ਦੇ ਅਹਿਦ ਦੀ ਗੱਲ ਹੈ ਕਿ ਸੰਤ ਨਾਮਦੇਵ ਜੀ ਮਹਾਰਾਜ ਦੇ ਘਰ ਬਹੁਤ ਦੁਨੀਆਂ ਆਉਣ ਲੱਗ ਪਈ। ਸੰਤ ਨਾਮਦੇਵ ਜੀ ਨੇ ਮਾਲਿਕ ਕੋਲ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰੋ ਕੋਈ ਐਸਾ ਸੇਵਾਦਾਰ ਜਾਂ ਟਹਿਲੂਆ ਬਖ਼ਸ਼ੋ ਤਾਂ ਕਿ ਅਸੀਂ ਘਰ ਆਉਣ ਵਾਲੇ ਗੁਰੂ ਪਿਆਰਿਆਂ ਦੀ ਸੇਵਾ ਕਰ ਸਕੀਏ। ਸੰਤ ਨਾਮਦੇਵ ਜੀ ਦੇ ਮਹਿਲ, ਜੋ ਮਾਤਾ ਜੀ ਸਨ, ਉਹ ਆਏ ਗਏ ਦੀ ਸੇਵਾ ਘੱਟ ਕਰਦੇ ਸਨ। ਪਰ ਹਜ਼ੂਰ ਕਬੀਰ ਸਾਹਿਬ ਜੀ ਦੇ ਮਹਿਲ ਮਾਤਾ ਲੋਈ ਜੀ ਘਰ ਆਈ ਸੰਗਤ ਦੀ, ਸਾਧੂ ਸਮਾਜ ਦੀ ਬਹੁਤ

ਸੇਵਾ ਕਰਦੇ ਸਨ। ਇੱਕ ਦਿਨ ਮਾਤਾ ਲੋਈ ਜੀ ਕਬੀਰ ਸਾਹਿਬ ਨੂੰ ਕਹਿਣ ਲੱਗੇ ਕਿ ਮੈਂ ਸਾਰਾ ਦਿਨ ਸੇਵਾ ਕਰਦੀ ਥੱਕ ਜਾਂਦੀ ਹਾਂ ਅਗਰ ਮੈਂ ਸੇਵਾ ਨਾ ਕਰਾਂ ਤਾਂ ਸ਼ਾਇਦ ਇੱਥੇ ਕੋਈ ਆਵੇ ਹੀ ਨਾ। ਹਜ਼ੂਰ ਨਾਮਦੇਵ ਜੀ ਅਤੇ ਹਜ਼ੂਰ ਕਬੀਰ ਸਾਹਿਬ ਇੱਕੋ ਸਮੇਂ ਵਿੱਚ ਹੋਏ ਹਨ। ਦੋਵੇਂ ਸੁਆਮੀ ਰਾਮਾਨੰਦ ਜੀ ਦੇ ਸੇਵਕ ਸਨ। ਹਜ਼ੂਰ ਕਬੀਰ ਸਾਹਿਬ ਮਾਤਾ ਲੋਈ ਜੀ ਨੂੰ ਕਹਿਣ ਲੱਗੇ ਕਿ ਤੂੰ ਕਿਵੇਂ ਸੇਵਾ ਕਰਦੀ ਏਂ। ਮਾਤਾ ਲੋਈ ਜੀ ਕਹਿਣ ਲੱਗੇ ਕਿ ਮੈਂ ਤੁਹਾਨੂੰ ਦੱਸਾਂ ਕਿ ਸੇਵਾ ਕਰਨੋਂ ਕਿਵੇਂ ਹਟਿਆ ਜਾ ਸਕਦਾ ਹੈ ? ਤਦ ਸੰਤ ਕਬੀਰ ਸਾਹਿਬ ਜੀ ਨੂੰ ਮਿਲਣ ਵਾਸਤੇ ਕੁਝ ਸਾਧੂ ਆਏ। ਉਹਨਾਂ ਨੇ ਆ ਕੇ ਮਾਤਾ ਲੋਈ ਨੂੰ ਪ੍ਰਣਾਮ ਕੀਤਾ। ਕਿਤੇ ਤਾਂ ਮਾਤਾ ਲੋਈ ਜੀ ਨੇ ਤਿੰਨ ਵਾਰ ਰਾਮ ਕਹਾ ਕੇ ਕੋਹੜਿਆਂ ਦਾ ਕੋਹੜ ਹਟਾ ਦਿੱਤਾ ਅਤੇ ਕਿਤੇ ਉਹਨਾਂ ਨੇ ਆਪਣਾ ਦੂਜਾ ਰੂਪ ਦਿਖਾਇਆ। ਜਦੋਂ ਸਾਧੂ ਆ ਕੇ ਬੈਠੇ ਤਦ ਮਾਤਾ ਲੋਈ ਜੀ ਨੇ ਕਿਹਾ ਕਿ ਤੁਸੀਂ ਚੁੱਪ ਕਰਕੇ ਕਿਉਂ ਬੈਠੇ ਹੋ। ਉਹ ਕਹਿਣ ਲੱਗੇ ਅੱਜ ਅਸੀਂ ਸੰਤ ਕਬੀਰ ਸਾਹਿਬ ਜੀ ਨੂੰ ਮਿਲ ਕੇ ਹੀ ਜਾਣਾ ਹੈ। ਮਾਤਾ ਲੋਈ ਜੀ ਕਹਿਣ ਲੱਗੇ ਤੁਸੀਂ ਅੱਜ ਨਾ ਮਿਲਿਉ ਅੱਜ ਸੰਤ ਕਬੀਰ ਸਾਹਿਬ ਜੀ ਦਾ ਤੌਰ ਕੁਛ ਵਿਗੜਿਆ ਹੋਇਆ ਹੈ। ਉਹ ਆਉਣ ਵਾਲਿਆਂ ਨੂੰ ਮਿਲਣ ਦੀ ਜਗ੍ਹਾ ਉਹਨਾਂ ਨਾਲ ਬਹੁਤ ਸਖਤੀ ਕਰਦੇ ਹਨ। ਉਹਨਾਂ ਨੇ ਰੱਸਾ ਅਤੇ ਮੂੰਗਲਾ (ਘੋਟਣਾ) ਬਣਾ ਕੇ ਰੱਖ ਲਿਆ ਹੈ। ਜਿਹੜੇ ਸਾਧੂ ਆਉਂਦੇ ਹਨ ਉਹਨਾਂ ਨੂੰ ਰੱਸੇ ਨਾਲ ਬੰਨ੍ਹ ਕੇ ਮੂੰਗਲੇ ਨਾਲ ਕੁੱਟਦੇ ਹਨ। ਆਹ ਰੱਸਾ ਅਤੇ ਮੂੰਗਲਾ ਦੇਖ ਲਉ। ਉਹ ਕਹਿਣ ਲੱਗੇ ਅੱਛਾ ਮਾਤਾ ਜੀ ਅਸੀਂ ਫੇਰ ਕਿਸੇ ਦਿਨ ਆਵਾਂਗੇ। ਉਹ ਉੱਠ ਕੇ ਤੁਰ ਪਏ। ਓਨੀ ਦੇਰ ਨੂੰ ਹਜ਼ੂਰ ਕਬੀਰ ਸਾਹਿਬ ਆ ਗਏ ਅਤੇ ਮਾਤਾ ਲੋਈ ਜੀ ਨੂੰ ਪੁੱਛਿਆ ਕਿ ਸਾਨੂੰ ਮਿਲਣ ਲਈ ਕੋਈ ਆਇਆ ਸੀ ? ਮਾਤਾ ਲੋਈ ਜੀ ਕਹਿਣ ਲੱਗੀ ਕੁੱਝ ਸਾਧੂ ਆਏ ਸੀ। ਉਹ ਆਹ ਰੱਸਾ ਅਤੇ ਮੂੰਗਲਾ ਮੰਗਦੇ ਸੀ। ਹਜ਼ੂਰ ਕਬੀਰ ਸਾਹਿਬ ਕਹਿਣ ਲੱਗੇ ਤੂੰ ਘਰ ਆਏ ਸਾਧੂਆਂ ਨੂੰ ਖਾਲੀ ਮੋੜ ਦਿੱਤਾ ਹੈ। ਇਹ ਰੱਸਾ ਅਤੇ ਮੂੰਗਲਾ ਦੇ ਦੇਣਾ ਸੀ ਆਪਾਂ ਹੋਰ ਲੈ ਆਉਂਦੇ। ਹਜ਼ੂਰ ਕਬੀਰ ਸਾਹਿਬ ਨੇ ਰੱਸਾ ਅਤੇ ਮੂੰਗਲਾ ਚੁੱਕਿਆ ਅਤੇ ਸਾਧੂਆਂ ਦੇ ਪਿੱਛੇ ਨੱਸ ਤੁਰੇ। ਉਹ ਸਾਧੂਆਂ ਨੂੰ ਰੱਸਾ ਅਤੇ ਮੂੰਗਲਾ ਦਿਖਾਉਣ ਕਿ ਲੈ ਜਾਉ। ਪਰ ਸਾਧੂ ਡਰਦੇ ਅੱਗੇ-ਅੱਗੇ ਭੱਜੀ ਜਾਣ। ਹਜ਼ੂਰ ਨੇ ਦ੍ਰਿਸ਼ਟੀ ਪਾਈ ਅਤੇ ਉਹ ਰੁਕ ਗਏ। ਉਹ ਕੰਬੀ ਜਾਣ ਅਤੇ ਇਹ ਕਹੀ ਜਾਣ ਕਿਰਪਾ ਕਰਕੇ ਨਾ ਮਾਰਿਉ, ਅਸੀਂ ਦੁਬਾਰਾ ਨਹੀਂ ਆਵਾਂਗੇ। ਹਜ਼ੂਰ ਕਬੀਰ ਸਾਹਿਬ ਨੇ ਪੁੱਛਿਆ ਕਿ ਕੀ ਗੱਲ ਹੈ ? ਉਹਨਾਂ ਨੇ ਦੱਸਿਆ ਕਿ ਮਾਤਾ ਲੋਈ ਜੀ ਕਹਿੰਦੇ ਸਨ ਕਿ ਜਿਹੜਾ ਵੀ ਆਉਂਦਾ ਹੈ, ਤੁਸੀਂ ਉਸ ਨੂੰ ਰੱਸੇ ਨਾਲ ਬੰਨ੍ਹ ਕੇ ਮੂੰਗਲੇ ਨਾਲ ਕੁੱਟਣ ਲੱਗ ਪੈਂਦੇ ਹੋ। ਹਜ਼ੂਰ ਕਹਿਣ ਲੱਗੇ ਮੈਨੂੰ ਤਾਂ ਉਹ ਕਹਿ ਰਹੇ ਸੀ ਕਿ ਤੁਸੀਂ ਰੱਸਾ ਅਤੇ ਮੂੰਗਲਾ ਲੈਣ ਲਈ ਆਏ ਸੀ। ਆਉਂਦਿਆਂ ਹੀ ਮਾਤਾ ਲੋਈ ਜੀ ਨੇ ਕਿਹਾ ਕਿ ਦੇਖਿਆ ਅਜੇ ਤਾਂ ਮੈਂ ਛੋਟੀ ਜਿਹੀ ਚਲਿੱਤਰੀ ਦਿਖਾਈ ਸੀ। ਜੇਕਰ ਬੀਬੀਆਂ ਆਉਂਦਿਆਂ ਨੂੰ ਸਤਿਕਾਰ ਨਾ ਦੇਣ ਤਦ ਤੁਹਾਡੇ ਕੋਲ ਕੋਈ ਆਵੇ ਹੀ ਨਾ।

ਸੰਤ ਨਾਮਦੇਵ ਜੀ ਦੇ ਮਹਿਲ ਐਨੀ ਸੇਵਾ ਨਹੀਂ ਕਰਦੇ ਸਨ। ਜਦੋਂ ਸੰਤ ਨਾਮਦੇਵ ਜੀ ਨੇ ਬੇਨਤੀ ਕੀਤੀ ਤਾਂ ਭਗਵਾਨ ਖੁਦ ਨੌਕਰ ਬਣ ਕੇ, ਟਹਿਲੂਆ ਬਣ ਕੇ, ਉਹਨਾਂ ਦੇ ਘਰ ਆ ਗਏ। ਸੰਤ ਨਾਮ ਦੇਵ ਜੀ ਨੇ ਪੁੱਛਿਆ ਤੇਰਾ ਨਾਮ ਕੀ ਹੈ ? ਉਹ ਕਹਿਣ ਲੱਗੇ, ਮੇਰਾ ਨਾਮ ਅੰਤਰਜਾਮੀ ਹੈ। ਉਹਨਾਂ ਨੇ ਪੁੱਛਿਆ ਕਿ ਤਨਖਾਹ ਕੀ ਲਉਗੇ ? ਭਗਵਾਨ ਕਹਿਣ ਲੱਗੇ, ਜੋ ਦੇ ਦਿਉਗੇ ਖਾ ਲਵਾਂਗਾ, ਜੋ ਪਹਿਨਣ ਨੂੰ ਦੇਵੋਗੇ ਪਹਿਨ ਲਵਾਂਗਾ। ਪਰ ਇੱਕ ਗੱਲ ਹੈ ਮੈਂ ਨਿੰਦਿਆ ਨਹੀਂ ਸੁਣ ਸਕਦਾ। ਸੰਤ ਨਾਮਦੇਵ ਜੀ ਕਹਿਣ ਲੱਗੇ ਠੀਕ ਹੈ। ਫੇਰ ਉਹਨਾਂ ਨੇ ਅੰਤਰਜਾਮੀ ਦੇ ਅੱਗੇ ਅਗਰ ਦੋ ਰੋਟੀਆਂ ਰੱਖਣੀਆਂ ਦੋ ਖਾ ਲੈਣੀਆਂ, ਚਾਰ ਰੱਖਣੀਆਂ ਚਾਰ, ਅੱਠ ਜਾਂ ਦਸ ਰੱਖਣੀਆਂ ਤਦ ਉਨੀਆਂ ਹੀ ਖਾ ਲੈਣੀਆਂ। ਇੱਕ ਦਿਨ ਸੰਤ ਨਾਮਦੇਵ ਜੀ ਦੇ ਮਹਿਲ ਮਾਤਾ ਜੀ ਨੇ ਵੀਹ-ਤੀਹ ਰੋਟੀਆਂ ਰੱਖ ਦਿੱਤੀਆਂ। ਉਹ ਤਾਂ ਖੁਦ ਭਗਵਾਨ ਸੀ ਸਾਰੀਆਂ ਖਾ ਗਏ। ਮਾਤਾ ਜੀ ਨੂੰ ਇੱਕ ਗੁਆਂਢਣ ਪੁੱਛਣ ਲਗੀ ਕਿ ਸੁਣਾ ਭੈਣ ਤੇਰਾ ਟਹਿਲੂਆ ਬਹੁਤ ਵਧੀਆ ਕੰਮ ਕਰਦਾ ਹੈ। ਮਾਤਾ ਜੀ ਕਹਿਣ ਲੱਗੇ ਭੈਣ ਗੱਲ ਛੱਡ ਦੇ ਇਹ ਤਾਂ ਡੈਣ ਹੈ ਡੈਣ। ਇੱਕ ਦਿਨ ਤੀਹ-ਚਾਲੀ ਰੋਟੀਆਂ ਖਾ ਗਿਆ। ਜੇਕਰ ਅਵੇਸਲੇ ਹੋ ਕੇ ਬੈਠ ਜਾਉ ਤਾਂ ਸ਼ਾਇਦ ਸੁੱਤੇ ਪਿਆਂ ਬੰਦਾ ਵੀ ਖਾ ਜਾਵੇ। ਇਸ ਨੂੰ ਐਨੀ ਭੁੱਖ ਲੱਗਦੀ ਹੈ ਕਿ ਡੈਣ ਵਾਂਗ ਖਾਂਦਾ ਹੈ। ਇੰਨੀ ਗੱਲ ਕਹਿਣ ਦੀ ਦੇਰ ਸੀ ਭਗਵਾਨ ਅਲੋਪ ਹੋ ਗਏ। ਹਜ਼ੂਰ ਨਾਮਦੇਵ ਜੀ ਨੇ ਆ ਕੇ ਪੁੱਛਿਆ ਕਿ ਟਹਿਲੂਆ ਕਿੱਥੇ ਹੈ, ਅੰਤਰਜਾਮੀ ਕਿੱਥੇ ਹੈ। ਉਹ ਕਹਿਣ ਲੱਗੀ ਜੀ! ਉਹ ਤਾਂ ਚਲਾ ਗਿਆ ਹੈ। ਸੰਤ ਨਾਮਦੇਵ ਜੀ ਕਹਿਣ ਲੱਗੇ ਤੂੰ ਨਿੰਦਿਆ ਕੀਤੀ ਹੋਵੇਗੀ। ਉਹ ਕਹਿਣ ਲੱਗੀ ਮੈਂ ਤਾਂ ਕੇਵਲ ਐਨਾ ਹੀ ਕਿਹਾ ਸੀ ਕਿ ਐਨੀਆਂ ਰੋਟੀਆਂ ਖਾ ਜਾਂਦਾ ਹੈ ਡੈਣ ਹੈ। ਤਦ ਸੰਤ ਨਾਮਦੇਵ ਜੀ ਨੇ ਕਿਹਾ ਸੱਚੇ ਪਾਤਿਸ਼ਾਹੋ ਸਾਡੇ ਕੋਲੋਂ ਭੁੱਲ ਹੋ ਗਈ ਹੈ। ਸਾਨੂੰ ਦਰਸ਼ਨ ਦਿਉ। ਮਾਤਾ ਜੀ ਨੇ ਵੀ ਬੇਨਤੀ ਕੀਤੀ। ਤਦ ਅਵਾਜ਼ ਆਈ ਕਿ ਅਸੀਂ ਤਾਂ ਤੈਨੂੰ ਕਿਹਾ ਸੀ ਕਿ ਨਿੰਦਿਆ ਨਾ ਕਰੀਂ। ਪਰ ਹੁਣ ਅਸੀਂ ਤੇਰੇ ਕੋਲ ਹੀ ਹਾਂ ਪਰ ਤੈਨੂੰ ਦਿਖਾਈ ਨਹੀਂ ਦੇਵਾਂਗੇ। ਅਸੀਂ ਹਮੇਸ਼ਾਂ ਆਪਣੇ ਸੇਵਕਾਂ ਦੇ ਅੰਗ-ਸੰਗ ਰਹਿੰਦੇ ਹਾਂ, ਨਾਲ ਰਹਿੰਦੇ ਹਾਂ, ਸਹਾਇਤਾ ਕਰਦੇ ਹਾਂ। ਪਰ ਦਿਸਦੇ ਨਹੀਂ ਹਾਂ। ਕਿਉਂਕਿ ਸੇਵਕ ਐਸੇ ਹਨ ਕਿ ਉਹ ਖਾਣਾ ਵੀ ਨੌਲਦੇ ਹਨ। ਅਸੀਂ ਦੇਖਿਆ ਹੈ ਕਿ ਕਈਆਂ ਘਰਾਂ ਵਿੱਚ ਪੁੱਠੀ ਰੀਤ ਹੈ। ਘਰ ਵਿੱਚ ਜੋ ਬੇਹੀ ਰੋਟੀ ਜਾਂ ਸਬਜੀ ਹੁੰਦੀ ਹੈ ਉਹ ਨੌਕਰ ਨੂੰ ਸਵੇਰ ਵਾਲੀ ਰਾਤ ਨੂੰ ਅਤੇ ਰਾਤ ਵਾਲੀ ਸਵੇਰ ਨੂੰ

ਖੁਆਉਂਦੇ ਹਨ। ਇਕੋ ਟਾਈਮ ਦਾ ਫਰਕ ਹੈ। ਅਗਰ ਇੱਕ ਟਾਈਮ ਦੀ ਖਤਮ ਕਰਕੇ ਰਾਤ ਵਾਲੀ ਨੂੰ ਰਾਤ ਅਤੇ ਸਵੇਰ ਵਾਲੀ ਸਵੇਰੇ ਖੁਆ ਦਿਉ ਤਾਂ ਕੀ ਫਰਕ ਪੈਂਦਾ ਹੈ। ਤੁਸੀਂ ਨੌਕਰਾਂ ਨੂੰ ਜ਼ਰੂਰ ਪੁਰਾਣੀ ਕਰਕੇ ਖੁਆਉਣੀ ਹੈ? ਬੱਚਾ ਚਾਹੇ ਪਲੇਟਾਂ ਵਿੱਚ ਤਿੰਨ-ਤਿੰਨ, ਚਾਰ-ਚਾਰ ਸਬਜੀਆਂ ਖਰਾਬ ਕਰੇ ਪਰ ਨੌਕਰ ਨੂੰ ਤਾਜੀ ਸਬਜੀ ਖਾਣ ਲਈ ਨਹੀਂ ਦਿੰਦੇ। ਅਸੀਂ ਦੇਖਿਆ ਕਿ ਸਾਡੇ ਕੋਲ ਕਈ ਨੌਕਰ ਆਉਂਦੇ ਸਨ ਅਸੀਂ ਉਹਨਾਂ ਨੂੰ ਪੁੱਛਣਾ ਕਿ ਸੁਣਾਉ ਤੁਹਾਨੂੰ ਬੇਹੀ ਸਬਜ਼ੀ ਮਿਲਦੀ ਹੈ? ਉਹ ਕਹਿਣ ਲੱਗੇ ਹਾਂ। ਪਰ ਅਸੀਂ ਵੀ ਸਾਰੀਆਂ ਸਬਜੀਆਂ ਜੂਠੀਆਂ ਕਰਕੇ ਖੁਆਉਂਦੇ ਹਾਂ। ਅਸੀਂ ਵਿੱਚ ਥੁੱਕ ਵੀ ਦਿੰਦੇ ਹਾਂ, ਅਸੀਂ ਜੂਠੀ ਕਰਕੇ ਵਿੱਚੇ ਪਲਟ ਵੀ ਦਿੰਦੇ ਹਾਂ। ਘਰ ਵਾਲੇ ਬਹੁਤੇ ਪੰਡਿਤ ਬਣਦੇ ਹਨ ਪਰ ਸਾਰੀਆਂ ਸਬਜ਼ੀਆਂ ਸਾਡੀਆਂ ਜੂਠੀਆਂ ਕੀਤੀਆਂ ਹੀ ਖਾਂਦੇ ਹਨ। ਕਿਉਂਕਿ

*ਜੈਸੇ ਕੋ ਤੈਸਾ ਮਿਲੇ ਸੁਣ ਲੇ ਰਾਜਾ ਭੀਲ।*
*ਸੌ ਮਣ ਲੋਹਾ ਘੁਣ ਖਾ ਗਿਆ*
*ਅਤੇ ਲੜਕਾ ਲੈ ਗਈ ਚੀਲ।*

ਅਗਰ ਅਸੀਂ ਦੂਸਰਿਆਂ ਨਾਲ ਸ਼ੁੱਧ ਵਿਵਹਾਰ ਕਰਾਂਗੇ ਫੇਰ ਸਾਨੂੰ ਸ਼ੁੱਧ ਦਾ ਜੁਆਬ ਸ਼ੁੱਧ ਮਿਲੇਗਾ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਹ ਭਗਵਾਨ ਦਿਸਦੇ ਨਹੀਂ ਹਨ ਪਰ ਹਮੇਸ਼ਾਂ ਸਾਧੂਆਂ ਦੇ ਸੰਗ ਰਹਿ ਕੇ ਉਹਨਾਂ ਦੀ ਰੱਖਿਆ ਅਤੇ ਸਹਾਇਤਾ ਕਰਦੇ ਹਨ।

**ਖਿਨ ਮਹਿ ਥਾਪਿ ਨਿਵਾਜੇ ਠਾਕੁਰ**
**ਨੀਚ ਕੀਟ ਤੇ ਕਰਹਿ ਰਾਜੰਗਾ ॥੧॥**

ਇੱਕ ਸਕਿੰਟ ਵੀ ਨਹੀਂ ਲੱਗਦਾ ਉਹ ਮਾਲਿਕ ਰਾਜੇ ਨੂੰ ਭਿਖਾਰੀ ਬਣਾ ਦਿੰਦੇ ਹਨ ਅਤੇ ਭਿਖਾਰੀ ਤੋਂ ਰਾਜ ਕਰਵਾ ਲੈਂਦੇ ਹਨ

*ਕੀੜਾ ਥਾਪਿ ਦੇਇ ਪਾਤਿਸਾਹੀ..........॥ (ਅੰਗ 144)*

ਉਹ ਨੀਚ ਤੋਂ ਨੀਚ ਕੀੜੇ ਜਿਹੇ ਜੀਵ ਨੂੰ ਰਾਜ ਭਾਗ ਬਖ਼ਸ਼ ਦਿੰਦੇ ਹਨ। ਇਹ ਉਸ ਮਾਲਿਕ ਦੀ ਵਡਿਆਈ ਹੈ। ਜਦੋਂ ਜੀਵ ਸੰਤਾਂ ਦੀ ਸੰਗਤ ਵਿੱਚ ਜਾ ਕੇ ਸਤਿਬਚਨ ਕਰਦਾ ਹੈ ਫੇਰ ਹਜ਼ੂਰ ਉਸ ਨਿਕੰਮੇ ਜੀਵ ਨੂੰ ਵੀ ਪਾਤਿਸ਼ਾਹੀਆਂ ਬਖ਼ਸ਼ ਦਿੰਦੇ ਹਨ।

**ਕਬਹੂ ਨ ਬਿਸਰੈ ਹੀਏ ਮੋਰੇ ਤੇ**
**ਨਾਨਕ ਦਾਸ ਇਹੀ ਦਾਨੁ ਮੰਗਾ ॥੨॥**

ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਕਿਰਪਾ ਕਰੋ। ਮੈਂ ਤੁਹਾਨੂੰ ਕਦੇ ਨਾ ਵਿਸਾਰਾਂ, ਤੁਹਾਨੂੰ ਹਿਰਦੇ ਵਿੱਚੋਂ ਨਾ ਭੁਲਾਵਾਂ। ਮੈਂ ਤੁਹਾਡੇ ਕੋਲੋਂ ਇਹੋ ਦਾਨ ਮੰਗਦਾ ਹਾਂ। ਹਜ਼ੂਰ ਮੈਂ ਤੁਹਾਨੂੰ ਹਿਰਦੇ ਵਿਚੋਂ ਨਾ ਵਿਸਾਰਾਂ ਅਤੇ ਹਮੇਸ਼ਾਂ ਸਿਮਰਨ ਕਰਾਂ। ਸੋਈ ਕਾਫੀ ਸਮੇਂ ਤੋਂ ਬਾਰ-ਬਾਰ ਇਹੋ ਬਚਨ ਆ ਰਹੇ ਹਨ ਕਿ ਆਪਾਂ ਸਿਮਰਨ ਕਰਨਾ ਹੈ। ਸਿਮਰਨ ਕਰਨ ਨਾਲ ਬਹੁਤ ਸਾਰੀਆਂ ਅਵੱਗਿਆ, ਕਮੀਆਂ, ਤਰੁੱਟੀਆਂ ਮਾਲਿਕ ਦੀ ਕਿਰਪਾ ਸਦਕਾ ਠੀਕ ਹੋ ਜਾਂਦੀਆਂ ਹਨ ਕਿਉਂਕਿ

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥*
*(ਅੰਗ 61)*

ਅਸੀਂ ਸਾਰੇ ਹੀ ਭੁੱਲੇ ਹਾਂ। ਹਜ਼ੂਰ ਹੀ ਕਿਰਪਾਲੂ ਅਤੇ ਬਖ਼ਸ਼ਣਹਾਰ ਹਨ।

## ਸਤਿਸੰਗ

**ਮਾਰੂ ਮਹਲਾ ੧ ॥ (ਅੰਗ 1034)**
**ਦਰਸਨੁ ਪਾਵਾ ਜੇ ਤੁਧੁ ਭਾਵਾ ॥**
**ਭਾਇ ਭਗਤਿ ਸਾਚੇ ਗੁਣ ਗਾਵਾ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਹਰ ਜੀਵ ਚਾਹੁੰਦਾ ਹੈ ਕਿ ਮੈਨੂੰ ਦਰਸ਼ਨ ਹੋਣ। ਹਰ ਜੀਵ ਚਾਹੁੰਦਾ ਹੈ ਕਿ ਮੈਂ ਸਿਮਰਨ ਕਰਾਂ। ਪਰ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਜੇਕਰ ਤੁਹਾਡੀ ਮੌਜ ਹੋਵੇਗੀ ਤਦ ਜੀਵ ਦਰਸ਼ਨ ਕਰ ਸਕਦਾ ਹੈ। ਜੇਕਰ ਜੀਵ ਨੂੰ ਭਾਵ ਆਵੇ ਤਦ ਉਹ ਗੁਰੂ ਦੇ ਗੁਣ ਗਾਉਂਦਾ ਅਤੇ ਸਿਮਰਨ ਕਰਦਾ ਹੈ। ਹਜ਼ੂਰ ਭਾਵ ਵੀ ਤੁਸੀਂ ਹੀ ਬਖਸ਼ਣਾ ਹੈ ਕਿਉਂਕਿ

*ਗੋਬਿੰਦ ਭਾਉ ਭਗਤ ਕਾ ਭੁਖਾ ॥*

ਉਹ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ, ਗੋਬਿੰਦ ਭਾਵ ਦੇ ਭੁੱਖੇ ਹਨ। ਜੀਵ ਨੂੰ ਜਿੰਨਾ ਜਿਆਦਾ ਭਾਵ ਆਉਂਦਾ ਹੈ ਓਨੇ ਜਿਆਦਾ ਉਹ ਮਾਲਿਕ ਦਰਸ਼ਨ ਬਖਸ਼ਦੇ ਹਨ। ਜਿੰਨਾ ਬਹੁਤਾ ਭਾਵ ਆਉਂਦਾ ਹੈ ਓਨਾ ਜ਼ਿਆਦਾ ਸਿਮਰਨ ਕਰਵਾਉਂਦੇ ਹਨ। ਸੋਈ ਜੀਵ ਨੂੰ ਭਾਵ ਹੋਣਾ ਚਾਹੀਦਾ ਹੈ। ਅਗਰ ਮਾਲਿਕ ਨੂੰ ਅੱਛਾ ਲੱਗੇ ਤਦ ਹੀ ਅਸੀਂ ਸਿਮਰਨ ਕਰ ਸਕਦੇ ਹਾਂ।

**ਤੁਧੁ ਭਾਣੇ ਤੂ ਭਾਵਹਿ ਕਰਤੇ**
**ਆਪੇ ਰਸਨ ਰਸਾਇਦਾ ॥੧॥**

ਹਜ਼ੂਰ ਅਗਰ ਤੁਹਾਡੀ ਮੌਜ ਹੋਵੇਗੀ ਤਦ ਹੀ ਸਾਨੂੰ ਭਾਵ ਆਵੇਗਾ ਅਤੇ ਤਦੇ ਹੀ ਸਾਡੇ ਉੱਪਰ ਬਖ਼ਸ਼ਿਸ਼ ਹੋਵੇਗੀ। ਹਜ਼ੂਰ ਅਗਰ ਤੁਹਾਡੀ ਕਿਰਪਾ ਹੋਵੇਗੀ ਤਾਂ ਸਾਡੀ ਰਸਨਾ ਆਪਣੇ ਆਪ ਹੀ ਤੁਹਾਡੇ ਗੁਣ ਗਾਉਣੇ ਸ਼ੁਰੂ ਕਰ ਦੇਵੇਗੀ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ ਕਿ

*ਏ ਰਸਨਾ ਤੂ ਅਨਰਸਿ ਰਾਚਿ ਰਹੀ*
*ਤੇਰੀ ਪਿਆਸ ਨ ਜਾਇ॥*
*ਪਿਆਸ ਨ ਜਾਇ ਹੋਰਤੁ ਕਿਤੈ*
*ਜਿਚਰੁ ਹਰਿ ਰਸੁ ਪਲੈ ਨ ਪਾਇ॥ (ਅੰਗ 921)*

ਜੋ ਦੁਨਿਆਵੀ ਪਿਆਸਾਂ ਹਨ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਆਸ਼ਾ, ਤ੍ਰਿਸ਼ਨਾ, ਵਾਸ਼ਨਾ ਆਦਿ ਸਾਰੀਆਂ ਪਿਆਸਾਂ ਸਿਮਰਨ ਨਾਲ ਹਟਦੀਆਂ ਹਨ। ਹਜ਼ੂਰ ਤੁਸੀਂ ਸਾਡੇ ਉੱਪਰ ਕਿਰਪਾ ਕਰੋ ਕਿ ਅਸੀਂ ਸਿਮਰਨ ਕਰੀਏ।

**ਸੋਹਨਿ ਭਗਤ ਪ੍ਰਭੂ ਦਰਬਾਰੇ॥**

**ਮੁਕਤੁ ਭਏ ਹਰਿ ਦਾਸ ਤੁਮਾਰੇ॥**

ਜੋ ਹਰੀ ਦੇ ਭਗਤ ਹਨ ਉਹ ਗੁਰੂ ਦੇ ਦਰਬਾਰ ਵਿੱਚ ਸ਼ੋਭਾ ਪ੍ਰਾਪਤ ਕਰਦੇ ਹਨ।

*ਜੋ ਸੁਖ ਛੱਜੂ ਦੇ ਚੁਬਾਰੇ, ਨਾ ਉਹ ਬਲਖ ਨ ਬੁਖਾਰੇ।*

ਛੱਜੂ ਭਗਤ ਸੀ। ਬਲਖ ਬੁਖਾਰੇ ਦਾ ਰਾਜਾ ਵੀ ਉਸ ਦਾ ਸੇਵਕ ਸੀ। ਭਗਤ ਹੋਣ ਕਰਕੇ ਦਰਬਾਰ ਵਿੱਚ ਉਸ ਦੀ ਬਹੁਤ ਸ਼ੋਭਾ ਸੀ। ਹਜ਼ੂਰ ਪਹਿਲੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਸੰਤਾਂ ਦੇ ਦਰਬਾਰ ਵਿੱਚ ਜੋ ਜੀਵ ਭਗਤੀ ਕਰਦਾ ਹੈ ਉਸ ਨੂੰ ਬਹੁਤਾ ਸਤਿਕਾਰ ਮਿਲਦਾ ਹੈ। ਸੰਤਾਂ ਦੇ ਦਰਬਾਰ ਵਿੱਚ ਕਿਸੇ ਮਨਿਸਟਰ, ਅਫ਼ਸਰ, ਪ੍ਰਾਈਮ ਮਨਿਸਟਰ ਜਾਂ ਪ੍ਰੈਜੀਡੈਂਟ ਨੂੰ ਸਤਿਕਾਰ ਨਹੀਂ ਮਿਲਦਾ। ਸਿਰਫ ਭਗਤੀ ਕਰਨ ਵਾਲੇ ਜੀਵ ਨੂੰ ਹੀ ਸਤਿਕਾਰ ਮਿਲਦਾ ਹੈ। ਇਸ ਕਰਕੇ ਹਜ਼ੂਰ ਮੈਨੂੰ ਵੀ ਭਗਤੀ ਦਾ ਦਾਨ ਬਖਸ਼ੋ।

*ਤੇਰੀ ਪਨਹ ਖੁਦਾਇ ਤੂ ਬਖ਼ਸੰਦਗੀ॥*
*ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥ (ਅੰਗ 488)*

ਭਗਤੀ, ਬੰਦਗੀ ਦੀ ਖੈਰ ਮਿਲਣ ਨਾਲ ਹੀ ਜੀਵ ਦੀ ਸ਼ੋਭਾ ਹੁੰਦੀ ਹੈ।

**ਆਪੁ ਗਵਾਇ ਤੇਰੈ ਰੰਗਿ ਰਾਤੇ**

**ਅਨਦਿਨੁ ਨਾਮੁ ਧਿਆਇਦਾ॥੨॥**

ਹਜ਼ੂਰ ਜਿਹੜੇ ਜੀਵ ਆਪਾ ਮਾਰ ਲੈਂਦੇ ਹਨ ਉਹੋ ਹੀ ਤੁਹਾਡੇ ਰੰਗ ਵਿੱਚ ਰੰਗੇ ਜਾਂਦੇ ਹਨ ਉਹੋ ਹੀ ਰਾਤ ਦਿਨ ਸਿਮਰਨ ਕਰਦੇ ਹਨ।

**ਈਸਰੁ ਬ੍ਰਹਮਾ ਦੇਵੀ ਦੇਵਾ॥**

**ਇੰਦ੍ਰ ਤਪੇ ਮੁਨਿ ਤੇਰੀ ਸੇਵਾ॥**

ਜਿੰਨੇ ਵੀ ਦੇਵੀ, ਦੇਵਤੇ, ਇੰਦਰ, ਮੁਨੀ, ਬ੍ਰਹਮਾ, ਵਿਸ਼ਨੂੰ, ਮਹੇਸ਼ ਹੋਏ ਹਨ ਸਭ ਤੁਹਾਡੀ ਸੇਵਾ ਵਿੱਚ ਹੀ ਸਿਮਰਨ, ਭਗਤੀ, ਬੰਦਗੀ ਕਰ ਰਹੇ ਹਨ।

**ਜਤੀ ਸਤੀ ਕੇਤੇ ਬਨਵਾਸੀ**

**ਅੰਤੁ ਨ ਕੋਈ ਪਾਇਦਾ॥੩॥**

ਬਹੁਤ ਜਤੀ ਸਤੀ ਹੋਏ, ਬਨਵਾਸ ਕੱਟੇ ਪਰ ਕੋਈ ਵੀ ਤੁਹਾਡਾ ਅੰਤ ਨਹੀਂ ਪਾ ਸਕਿਆ। ਹਜ਼ੂਰ ਜਿਸ ਉੱਪਰ ਤੁਸੀਂ ਕਿਰਪਾ ਕਰੋਗੇ ਉਹੋ ਹੀ ਤੁਹਾਡਾ ਭੇਦ ਪਾ ਸਕਦਾ ਹੈ।

**ਵਿਣੁ ਜਾਣਾਏ ਕੋਇ ਨ ਜਾਣੈ॥**

**ਜੋ ਕਿਛੁ ਕਰੇ ਸੁ ਆਪਣ ਭਾਣੈ॥**

ਹਜ਼ੂਰ ਕਿਸੇ ਨੂੰ ਵੀ ਪਤਾ ਨਹੀਂ ਹੈ ਕਿ ਕੀ ਹੋਣਾ ਹੈ। ਪਰ ਜੋ ਤੁਹਾਡਾ ਭਾਣਾ ਹੈ ਉਹੋ ਹੀ ਹੋਣਾ ਹੈ। ਇਸ ਕਰਕੇ ਹਜ਼ੂਰ ਸਾਨੂੰ ਆਪਣੇ ਭਾਣੇ ਵਿੱਚ ਰੱਖ ਕੇ ਸਾਡੇ ਕੋਲੋਂ ਸਿਮਰਨ ਅਤੇ ਬੰਦਗੀ ਕਰਵਾਉ।

**ਲਖ ਚਉਰਾਸੀਹ ਜੀਅ ਉਪਾਏ**

**ਭਾਣੈ ਸਾਹ ਲਵਾਇਦਾ॥੪॥**

ਹਜ਼ੂਰ ਤੁਸੀਂ ਦੁਨੀਆਂ ਵਿੱਚ ਚੁਰਾਸੀ ਲੱਖ ਜੂਨੀਆਂ ਪੈਦਾ ਕੀਤੀਆਂ ਹਨ ਅਤੇ ਸਾਰਿਆਂ ਨੂੰ ਆਪਣੇ ਭਾਣੇ ਵਿੱਚ ਰੱਖ ਕੇ ਹੀ ਸਭ ਕੁਝ ਬਖਸ਼ ਰਹੇ ਹੋ।

**ਜੋ ਤਿਸੁ ਭਾਵੈ ਸੋ ਨਿਹਚਉ ਹੋਵੈ॥**

**ਮਨਮੁਖੁ ਆਪੁ ਗਣਾਏ ਰੋਵੈ॥**

ਸੱਚੇ ਪਾਤਿਸ਼ਾਹੋ! ਤੁਹਾਨੂੰ ਜੋ ਵੀ ਚੰਗਾ ਲੱਗਦਾ ਹੈ ਉਹ ਹੋਣਾ ਹੈ। ਅਸੀਂ ਮਨਮੁਖ ਬਣ ਕੇ ਸੋਚਾਂ ਸੋਚ ਕੇ ਰੋਂਦੇ ਅਤੇ ਪਛਤਾਉਂਦੇ ਹਾਂ।

**ਨਾਵਹੁ ਭੁਲਾ ਠਉਰ ਨ ਪਾਇ**

**ਆਇ ਜਾਇ ਦੁਖੁ ਪਾਇਦਾ॥੫॥**

ਜੋ ਜੀਵ ਨਾਮ ਨੂੰ ਭੁੱਲ ਜਾਂਦਾ ਹੈ ਉਸ ਨੂੰ ਵਿਸ਼ਵਾਸ ਨਹੀਂ ਆਉਂਦਾ। ਫੇਰ ਉਹ ਜਿੱਥੇ ਵੀ ਜਾਂਦਾ ਹੈ ਦੁੱਖ ਹੀ ਪ੍ਰਾਪਤ ਕਰਦਾ ਹੈ।

**ਨਿਰਮਲ ਕਾਇਆ ਊਜਲ ਹੰਸਾ॥**

**ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥**

ਉਹ ਨਿਰਮਲ ਕਾਇਆ ਨੂੰ ਹੰਸ ਰੂਪੀ ਸ਼ਕਤੀ ਬਖਸ਼ ਦਿੰਦੇ ਹਨ।

ਅਸੀਂ ਬਹੁਤ ਵਾਰ ਦੱਸਿਆ ਹੈ ਕਿ ਕੁਦਰਤ ਨੇ ਹੰਸ ਦੀ ਚੁੰਝ ਐਸੀ ਬਣਾਈ ਹੈ। ਤੁਸੀਂ ਪਾਣੀ ਵਿੱਚ ਦੁੱਧ ਮਿਲਾ ਕੇ ਉਸ ਦੇ ਅੱਗੇ ਰੱਖ ਦਿਉ। ਜਦੋਂ ਉਹ ਦੁੱਖ ਪੀਂਦਾ ਹੈ ਤਾਂ ਪਾਣੀ ਬਾਹਰ ਵਗਦਾ ਜਾਂਦਾ ਹੈ ਅਤੇ ਦੁੱਧ ਉਸ ਦੇ ਅੰਦਰ ਚਲਾ ਜਾਂਦਾ ਹੈ। ਇਸੇ ਤਰ੍ਹਾਂ ਸਾਧੂ

*ਰਾਜ ਮਹਿ ਰਾਜੁ ਜੋਗ ਮਹਿ ਜੋਗੀ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥ (ਅੰਗ 284)*

ਦੁਨੀਆਂ ਵਿੱਚ ਵਿਚਰਦੇ ਹੋਏ ਵੀ ਨਾਮ ਵਿੱਚ ਰੰਗੇ ਰਹਿੰਦੇ ਹਨ।

**ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ**
**ਬਾਹੁੜਿ ਦੂਖੁ ਨ ਪਾਇਦਾ॥**

ਜਦੋਂ ਜੀਵ ਸਾਰੇ ਦੁੱਖਾਂ ਨੂੰ ਸਹੀ ਸਮਝਦਾ ਹੈ ਕਿ ਮਾਲਿਕ ਨੇ ਮੈਨੂੰ ਜੋ ਦਿੱਤਾ ਹੈ ਉਹ ਉਸ ਦੀ ਰਜ਼ਾ ਵਿੱਚ ਹੈ। ਫੇਰ ਮਾਲਿਕ ਉਸ ਜੀਵ ਨੂੰ ਆਪਣੀ ਸ਼ਰਨ ਬਖ਼ਸ਼ਦੇ ਹਨ ਕਿ ਇਹ ਮੇਰੀ ਆਗਿਆ ਅਤੇ ਤਾਬਿਆ ਵਿੱਚ ਹੈ। ਫੇਰ ਹਜ਼ੂਰ ਖੁਸ਼ੀਆਂ ਖੇੜੇ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਬਖਸ਼ਦੇ ਰਹਿਣਗੇ।

# ਸਤਿਸੰਗ

**ਰਾਗੁ ਸੂਹੀ ਅਸਟਪਦੀਆ ਮਹਲਾ ੧ ਘਰੁ ੧**
**ੴ ਸਤਿਗੁਰ ਪ੍ਰਸਾਦਿ॥ (ਅੰਗ 750)**
**ਸਭਿ ਅਵਗਣ ਮੈ ਗੁਣੁ ਨਹੀ ਕੋਈ॥**
**ਕਿਉ ਕਰਿ ਕੰਤ ਮਿਲਾਵਾ ਹੋਈ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਜੋ ਪੂਰਨ ਸੰਤ, ਗੁਰੂ ਪਿਆਰੇ, ਗੁਰਸਿੱਖ ਹੋਏ ਹਨ ਉਹਨਾਂ ਨੇ ਮਾਲਿਕ ਅੱਗੇ ਬੇਨਤੀਆਂ, ਅਰਦਾਸਾਂ ਅਤੇ ਜੋਦੜੀਆਂ ਕੀਤੀਆਂ ਹਨ ਕਿ ਸੱਚੇ ਪਾਤਿਸ਼ਾਹੋ! ਮੈਂ ਗੁਨਾਹਾਂ ਦਾ ਭਰਿਆ ਹੋਇਆ ਹਾਂ। ਹਜ਼ੂਰ ਕੋਈ ਇੱਕ ਜਾਂ ਦੋ ਨਹੀਂ ਮੇਰੇ ਵਿੱਚ ਸਾਰੇ ਹੀ ਅਵਗੁਣ ਹਨ।

*ਜਿਤਨੇ ਰੋਮ ਵਿੱਚ ਸਰੀਰੇ ਓਦੂੰ ਵੱਧ ਗੁਨਾਹੋਂ।*

ਸੰਤਾਂ ਨੇ ਫੁਰਮਾਇਆ ਹੈ ਕਿ ਮੇਰੇ ਸਰੀਰ ਵਿੱਚ ਰੋਮ ਘੱਟ ਹਨ ਪਰ ਗੁਨਾਹ ਬਹੁਤੇ ਹਨ। ਇਸ ਕਰਕੇ ਸਾਰੇ ਹੀ ਅਰਦਾਸ ਕਰੋ ਕਿ ਮੇਰੇ ਵਿੱਚ ਕੋਈ ਗੁਣ ਨਹੀਂ ਹੈ ਫੇਰ ਹਜ਼ੂਰ ਮੈਨੂੰ ਭੇਦ ਬਖ਼ਸ਼ੋ ਕਿ ਮੈਂ ਉਸ ਪ੍ਰਮੇਸ਼ਵਰ ਨੂੰ, ਕੰਤ ਰੂਪੀ ਤਾਕਤ ਨੂੰ ਕਿਸ ਤਰ੍ਹਾਂ ਮਿਲ ਸਕਦਾ ਹਾਂ।

**ਨਾ ਮੈ ਰੂਪੁ ਨ ਬੰਕੇ ਨੈਣਾ॥**
**ਨਾ ਕੁਲ ਢੰਗੁ ਨ ਮੀਠੇ ਬੈਣਾ॥੧॥ ਰਹਾਉ॥**

ਮੈਂ ਨਾ ਹੀ ਸੋਹਣਾ ਹਾਂ, ਨਾ ਹੀ ਮੇਰੀਆਂ ਅੱਖਾਂ ਸਾਫ ਹਨ। ਸਾਡੇ ਹਜ਼ੂਰ ਧਿਆਨਪੁਰ ਵਾਲੇ ਫੁਰਮਾਇਆ ਕਰਦੇ ਸਨ ਕਿ ਇਨਸਾਨ ਨੂੰ ਜਿਸ ਤਰ੍ਹਾਂ ਦੀ ਵੀ ਦੇਹੀ ਬਖ਼ਸ਼ੀ ਹੈ ਉਹ ਮਾਲਿਕ ਨੇ ਆਪਣੀ ਮੌਜ ਨਾਲ ਬਖ਼ਸ਼ੀ ਹੈ। ਪਰ ਸਾਫ ਨੇਤਰ ਜਿਸ ਵਿੱਚ ਗੇਰੂਆ ਰੰਗ ਨਾ ਹੋਵੇ, ਮੋਟੀਆਂ ਅੱਖਾਂ ਹੋਣ ਮਾਲਿਕ ਦੀ ਬਖ਼ਸ਼ਿਸ਼ ਨਾਲ ਮਿਲਦੀਆਂ ਹਨ। ਵਰਨਾ ਜਿਹਨਾਂ ਉੱਪਰ ਕਾਲ ਦਾ ਪਹਿਰਾ ਹੁੰਦਾ ਹੈ ਉਹਨਾਂ ਦੀਆਂ ਅੱਖਾਂ ਛੋਟੀਆਂ ਅਤੇ ਗੇਰੂਏ ਰੰਗ ਦੀਆਂ ਹੁੰਦੀਆਂ ਹਨ। ਸਾਫ ਅੱਖਾਂ, ਚੌੜਾ ਮਸਤਕ ਭਾਗਾਂ ਨਾਲ ਮਿਲਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੀਵ ਸੋਹਣਾ ਹੋਵੇ, ਅੱਖਾਂ ਸਾਫ ਹੋਣ ਅਤੇ ਅੱਛੀ ਕੁਲ ਨਾਲ ਸੰਬੰਧ ਰੱਖਦਾ ਹੋਵੇ। ਅੱਛੀ ਕੁਲ ਤੋਂ ਭਾਵ ਅਮੀਰ ਕੁਲ ਨਹੀਂ ਹੈ। ਉਸ ਤੋਂ ਭਾਵ ਹੈ ਕਿ ਉਹਨਾਂ ਦੇ ਵੱਡੇ-ਵੱਡੇਰੇ ਸਿਮਰਨ ਬੰਦਗੀ ਕਰਦੇ ਰਹੇ ਹੋਣ। ਕਿਉਂਕਿ ਜਿਸ ਕੁਲ ਵਿੱਚ ਕੋਈ ਸਿਮਰਨ ਬੰਦਗੀ ਕਰਦਾ ਹੈ ਉਹ ਕੁਲਾਂ ਪੂਜੀਆਂ ਜਾਂਦੀਆਂ ਹਨ। ਹਜ਼ੂਰ ਨਾ ਹੀ ਮੇਰੀ ਬੋਲੀ ਮਿੱਠੀ ਹੈ। ਕਿਉਂਕਿ ਸਾਧੂ ਬਹੁਤ ਹੀ ਮਿਠਾਸ ਭਰੇ ਬਚਨ ਕਰਦੇ ਹਨ। ਹਜ਼ੂਰ ਆਪਣੇ ਵਿੱਚ ਇਹ ਕਮੀਆਂ ਦੇਖ ਕੇ ਮੇਰਾ ਮਨ ਬਹੁਤ ਪਛਤਾਉਂਦਾ ਹੈ ਕਿ ਕੀ ਮੈਂ ਵੀ ਬਖਸ਼ਿਆ ਜਾਵਾਂਗਾ? ਐਸੀਆਂ ਬੇਨਤੀਆਂ ਅਤੇ ਜੋਦੜੀਆਂ ਜੀਵ ਨੂੰ ਮਾਲਿਕ ਪਾਸ ਕਰਦੇ ਰਹਿਣਾ ਚਾਹੀਦਾ ਹੈ।

**ਸਹਜਿ ਸੀਗਾਰ ਕਾਮਣਿ ਕਰਿ ਆਵੈ॥**
**ਤਾ ਸੋਹਾਗਣਿ ਜਾ ਕੰਤੈ ਭਾਵੈ॥੨॥**

ਇੱਕ ਲੜਕੀ ਬਹੁਤ ਸੁੰਦਰ, ਜਵਾਨ, ਵਧੀਆ ਪੜ੍ਹੀ ਲਿਖੀ, ਅੱਖਾਂ ਵੀ ਠੀਕ ਹਨ, ਮਿਠੀ ਜ਼ੁਬਾਨ ਵੀ ਹੈ ਅਤੇ ਉਹ ਸਾਰੇ ਸ਼ਿੰਗਾਰ ਕਰਕੇ ਆਪਣੇ ਪਤੀ ਨੂੰ ਮਿਲਣ ਲਈ ਆਉਂਦੀ ਹੈ ਪਰ ਉਸ ਦਾ ਪਤੀ ਉਸ ਨੂੰ ਸਵੀਕਾਰ ਨਹੀਂ ਕਰਦਾ ਅਤੇ ਕਹਿੰਦਾ ਹੈ ਕਿ ਤੂੰ ਮੈਨੂੰ ਚੰਗੀ ਨਹੀਂ ਲੱਗਦੀ। ਤਦ ਉਸ ਦਾ ਸੁਹੱਪਣ ਵੀ ਕਿਸੇ ਕੰਮ ਨਹੀਂ ਹੈ। ਸੰਤਾਂ ਦੇ ਬਚਨ ਹਨ ਕਿ

*ਰਾਣੀ ਪ੍ਰਭਾਣੀ ਜੋ ਖਸਮੈ ਮਨ ਭਾਣੀ॥*

ਉਹੋ ਲੜਕੀ ਹੀ ਸੁੰਦਰ ਹੈ ਜਿਸ ਦਾ ਪਤੀ ਉਸ ਨਾਲ ਖੁਸ਼ ਹੈ। ਪਰ ਕਈ ਵਾਰ ਜੀਵ ਦੀ ਬਦਕਿਸਮਤੀ ਹੁੰਦੀ ਹੈ ਕਿ ਇਨਸਾਨ ਦੀ ਸੁੰਦਰਤਾ ਹੀ ਉਸ ਨੂੰ ਕਿਸੇ ਸਮੇਂ ਲੈ ਡੁੱਬਦੀ ਹੈ। ਜਿਹੜੀਆਂ ਲੜਕੀਆਂ ਸੋਹਣੀਆਂ ਹਨ, ਸੋਹਣੇ ਨੈਣ ਨਕਸ਼ ਹਨ। ਉਹ ਸਾਡੇ ਕੋਲ ਆ ਕੇ ਅਰਦਾਸਾਂ, ਜੋਦੜੀਆਂ ਕਰਦੀਆਂ ਹਨ ਕਿ ਮੇਰਾ ਸੁਹੱਪਣ ਦੇਖ ਕੇ ਮੈਨੂੰ ਕੋਈ ਦੇਖ ਲੈਂਦਾ ਹੈ ਤਾਂ ਮੇਰਾ ਪਤੀ ਮੇਰੇ ਉੱਪਰ ਸ਼ੱਕ ਕਰਦਾ ਹੈ ਕਿ ਉਹ ਤੈਨੂੰ ਕਿਉਂ ਦੇਖ ਰਿਹਾ ਸੀ। ਕੁਦਰਤ ਦਾ ਐਸਾ ਅਸੂਲ ਹੈ ਕਿਉਂਕਿ

*ਰਾਜ ਮਹਿ ਰਾਜੁ ਜੋਗ ਮਹਿ ਜੋਗੀ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥ (ਅੰਗ 284)*

ਅਸੀਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਗਲਤ ਬਚਨ ਨਹੀਂ ਕਰ ਸਕਦੇ। ਕਈ ਵਾਰ ਜੀਵ ਦਾ ਸੁਹੱਪਣ ਹੀ ਉਸ ਨੂੰ ਲੈ ਡੁੱਬਦਾ ਹੈ। ਉਸ ਦਾ ਪਤੀ ਉਸ ਨਾਲ ਨਰਾਜ ਹੋ ਜਾਂਦਾ ਹੈ। ਉਸ ਉੱਪਰ ਸ਼ੱਕ ਕਰਦਾ ਹੈ, ਵਹਿਮ ਕਰਦਾ ਹੈ। ਸਾਰੀਆਂ ਬਿਮਾਰੀਆਂ ਦਾ ਇਲਾਜ ਹੋ ਜਾਂਦਾ ਹੈ ਪਰ ਵਹਿਮ ਦਾ ਕੋਈ ਇਲਾਜ ਨਹੀਂ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਐਸੀ ਦਸ਼ਾ ਹੋ ਜਾਂਦੀ ਹੈ ਤਦ ਜੀਵ ਦਾ ਜਿਉਣਾ ਦੁਸ਼ਵਾਰ ਹੋ ਜਾਂਦਾ ਹੈ। ਇਸ ਦਾ ਲਕਸ਼ ਇਹ ਨਹੀਂ ਹੈ ਕਿ ਸੁਹੱਪਣ ਮਾੜਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਭ ਕੁਝ ਹੋਵੇ, ਸੋਹਣੀਆਂ ਅੱਖਾਂ ਵੀ ਹੋਣ, ਜ਼ੁਬਾਨ ਮਿੱਠੀ ਹੋਵੇ ਪਰ ਨਾਲ ਦੀ ਨਾਲ ਉਸ ਦਾ ਪਤੀ ਵੀ ਉਸ ਉੱਪਰ ਮਿਹਰਬਾਨ ਅਤੇ ਖੁਸ਼ ਹੋਵੇ। ਸੋਈ ਹਜ਼ੂਰ ਮੇਰੇ ਕੋਲੋਂ ਐਸੇ ਕਰਮ ਕਰਵਾਉ ਜਿਹਨਾਂ ਨਾਲ ਮੈਂ ਤੁਹਾਨੂੰ ਅੱਛੀ ਲੱਗਾਂ। ਮੇਰੇ ਕੋਲੋਂ ਭੁੱਲ ਕੇ ਵੀ ਕੋਈ ਅਵੱਗਿਆ ਨਾ ਹੋਵੇ, ਜਿਸ ਸਦਕਾ ਤੁਸੀਂ ਨਰਾਜ ਜਾਂ ਗੁੱਸੇ ਹੋ ਜਾਉ। ਹਜ਼ੂਰ ਮੇਰੇ ਉੱਪਰ ਬਖ਼ਸ਼ਿਸ਼ ਕਰਕੇ ਮੈਨੂੰ ਆਪਣੀ ਸ਼ਰਨ ਬਖਸ਼ੋ।

**ਨ ਤਿਸੁ ਰੂਪੁ ਨ ਰੇਖਿਆ ਕਾਈ॥**

**ਅੰਤਿ ਨ ਸਾਹਿਬੁ ਸਿਮਰਿਆ ਜਾਈ॥੩॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਸ ਉੱਪਰ ਮਾਲਿਕ ਮਿਹਰਬਾਨ ਹੋ ਜਾਂਦੇ ਹਨ ਉਸ ਦਾ ਰੂਪ ਰੰਗ ਨਹੀਂ ਦੇਖਦੇ, ਸੁਹੱਪਣ ਨਹੀਂ ਦੇਖਦੇ। ਗੁਰਬਾਣੀ ਵਿੱਚ ਦਰਜ ਹੈ ਕਿ ਲੜਕੀ ਚਾਹੇ ਲੰਗੜੀ ਹੋਵੇ, ਮਧਰੀ ਹੋਵੇ, ਲੂਲੀ ਹੋਵੇ ਪਰ ਅਗਰ ਉਸ ਦਾ ਪਤੀ ਉਸ ਨੂੰ ਪਿਆਰ ਕਰਦਾ ਹੈ ਤਾਂ ਉਸ ਨਾਲ ਦੀ ਭਾਗਾਂ ਵਾਲੀ ਲੜਕੀ ਹੋਰ ਕੋਈ ਨਹੀਂ ਹੈ। ਜਿਸ ਉੱਪਰ ਮਾਲਿਕ ਖੁਸ਼ ਹੋਣ ਉਸ ਦਾ ਰੂਪ ਵੀ ਨਹੀਂ ਦੇਖਦੇ। ਉਸ ਦੀ ਗਲਤ ਗੱਲ ਨੂੰ ਵੀ ਮੁਆਫ਼ ਕਰ ਦਿੰਦੇ ਹਨ। ਉਸ ਨੂੰ ਕਹਿੰਦੇ ਹਨ ਕਿ ਕੋਈ ਗੱਲ ਨਹੀਂ। ਹੁਣ ਅਗਾਂਹ ਗਲਤੀ ਨਾ ਕਰੀਂ। ਸੋਈ ਜਿਸ ਉੱਪਰ ਮਾਲਿਕ ਮਿਹਰਬਾਨ ਹੁੰਦੇ ਹਨ ਉਸ ਉੱਪਰ ਬਹੁਤ ਬਖ਼ਸ਼ਿਸ਼ ਹੁੰਦੀ ਹੈ। ਇਸ ਕਰਕੇ ਹਜ਼ੂਰ ਤੁਸੀਂ ਮੇਰੇ ਉੱਪਰ ਮਿਹਰਬਾਨ ਰਹਿਉ।

*ਮਿਹਰਵਾਨੁ ਸਾਹਿਬੁ ਮਿਹਰਵਾਨੁ॥*
*ਸਾਹਿਬੁ ਮੇਰਾ ਮਿਹਰਵਾਨੁ॥*
*ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥*
*ਤੂ ਕਾਹੇ ਡੋਲਹਿ ਪ੍ਰਾਣੀਆ*
*ਤੁਧੁ ਰਾਖੈਗਾ ਸਿਰਜਣਹਾਰੁ॥ (ਅੰਗ 724)*

ਪਰ ਉਸ ਵਾਸਤੇ ਸਾਨੂੰ ਪਤੀ ਦੀ ਇੱਛਾ ਅਨੁਸਾਰ ਕੰਮ ਕਰਨਾ ਪਵੇਗਾ। ਇੱਕ ਦੁਨਿਆਵੀ ਪਤੀ ਹੈ ਇੱਕ ਠਾਕੁਰ ਪਤੀ ਹਨ ਕਿ

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸਕਾ ਚੇਰਾ।*

ਤਥਾ

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਕਿ ਜਿਹਨਾਂ ਦੇ ਅਮਲ ਠੀਕ ਹਨ, ਰਹਿਤ ਠੀਕ ਹੈ ਉਹ ਸਾਨੂੰ ਪਿਆਰੇ ਲੱਗਦੇ ਹਨ।

**ਸੁਰਤਿ ਮਤਿ ਨਾਹੀ ਚਤੁਰਾਈ॥**

**ਕਰ ਕਿਰਪਾ ਪ੍ਰਭ ਲਾਵਹੁ ਪਾਈ॥੪॥**

ਹਜ਼ੂਰ ਮੈਨੂੰ ਬਹੁਤੀਆਂ ਤੇਜੀ ਦੀਆਂ ਗੱਲਾਂ ਨਹੀਂ ਆਉਂਦੀਆਂ, ਮੇਰੀ ਮੱਤ ਵੀ ਵਧੀਆ ਨਹੀਂ ਹੈ, ਮੇਰੀ ਸੁਰਤ ਵੀ ਕਮਲੀ ਰਮਲੀ ਹੈ। ਪਰ ਮੇਰੇ ਉੱਪਰ ਬਖ਼ਸ਼ਿਸ਼ ਕਰਕੇ ਮੈਨੂੰ ਆਪਣੀ ਸ਼ਰਨ ਬਖਸ਼ੋ।

**ਖਰੀ ਸਿਆਣੀ ਕੰਤ ਨ ਭਾਣੀ॥**

**ਮਾਇਆ ਲਾਗੀ ਭਰਮਿ ਭੁਲਾਣੀ॥੫॥**

ਲੜਕੀ ਦਾ ਕੰਮ ਇਹ ਨਹੀਂ ਹੈ ਕਿ ਉਹ ਪੈਸਿਆਂ, ਹਾਰ ਸ਼ਿੰਗਾਰ ਅਤੇ ਜੇਵਰਾਂ ਪਿੱਛੇ ਭੱਜੇ। ਕਵੀਆਂ ਨੇ ਵੀ ਲਿਖਿਆ ਹੈ ਕਿ

Beauty needs no ornament.
*ਨਹੀਂ ਮੁਥਾਜ ਜੇਵਰੋਂ ਕੇ ਜਿਸ ਕੋ ਦੀ ਖ਼ੁਦਾ ਨੇ ਖ਼ੂਬਸੂਰਤੀ।*

ਕਿਸੇ ਨੂੰ ਮਾਇਆ ਦਾ, ਕਿਸੇ ਨੂੰ ਜੇਵਰਾਂ ਦਾ ਮਾਣ ਹੁੰਦਾ ਹੈ। ਲੜਕੀ ਚਾਹੇ ਕਿੰਨੀ ਵੀ ਸਿਆਣੀ ਜਾਂ ਚਲਾਕ ਹੈ ਉਹ ਪੈਸੇ ਪਿੱਛੇ ਦੌੜਦੀ ਹੈ ਅਗਰ ਪਤੀ ਨੂੰ ਨਹੀਂ ਮੰਨਦੀ ਤਦ ਉਹ ਉੱਥੇ ਮਾਰ ਖਾ ਜਾਂਦੀ ਹੈ।

*ਉਹਨੂੰ ਜਗ ਨੂੰ ਮਨਾਉਣ ਦੀ ਲੋੜ ਕੀ ਏ,*
*ਜੀਹਨੂੰ ਯਾਰ ਮਨਾਉਣ ਦਾ ਚੱਜ ਹੋਵੇ।*
*ਉਹਨੂੰ ਮੱਕੇ ਜਾਣ ਦੀ ਲੋੜ ਕੀ ਏ,*
*ਜੀਹਦੇ ਪਾਸ ਗੁਰੂ ਦਾ ਹੱਜ ਹੋਵੇ।*

ਹਜ਼ੂਰ ਮੈਨੂੰ ਸੋਝੀ ਬਖਸ਼ਿਉ ਕਿ ਮੈਂ ਐਸੇ ਕਰਮ, ਅਮਲ ਕਰਾਂ ਜਿਸ ਨਾਲ ਤੁਸੀਂ ਮੇਰੇ ਉੱਪਰ ਮਿਹਰਬਾਨ ਰਹੋ ਅਤੇ ਖੁਸ਼ ਹੋਵੋ।

**ਹਉਮੈ ਜਾਈ ਤਾ ਕੰਤ ਸਮਾਈ॥**

**ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥੬॥**

ਅਸੀਂ ਸਭ ਨੂੰ ਕਹਿੰਦੇ ਹਾਂ ਕਿ ਆਪਣੇ ਲੜਕੇ ਦੀ ਸ਼ਾਦੀ ਕਰਨ ਲੱਗਿਆਂ ਲੜਕੇ ਨੂੰ ਆਪ ਤੋਂ ਥੋੜ੍ਹੇ ਜਿਹੇ ਛੋਟੇ ਘਰ ਵਿੱਚ ਵਿਆਹੋ। ਛੋਟਾ ਤੋ ਭਾਵ ਇਹ ਨਹੀਂ ਹੈ ਕਿ ਮਾਣ ਸਤਿਕਾਰ ਘੱਟ ਹੋਵੇ। ਉਹਨਾਂ ਕੋਲ ਧਨ ਦੌਲਤ ਥੋੜ੍ਹੀ ਹੋਣੀ ਚਾਹੀਦੀ ਹੈ।

ਇਹ ਸਾਰਿਆਂ ਉੱਪਰ ਲਾਗੂ ਨਹੀਂ ਹੈ।

Exception is every where.

ਕੁਝ ਐਸੇ ਪਰਿਵਾਰ ਹਨ ਜਿਹਨਾਂ ਦੀਆਂ ਲੜਕੀਆਂ ਅਮੀਰ ਘਰਾਂ ਤੋਂ ਜਾ ਕੇ ਵੀ ਪਤੀ ਅਤੇ ਸੱਸ ਸਹੁਰੇ ਦਾ ਬਹੁਤ ਸਤਿਕਾਰ ਕਰਦੀਆਂ ਹਨ। ਪਰ ਆਮ ਤੌਰ ਤੇ ਲੜਕੀਆਂ ਕਈ ਵਾਰ ਪੇਕਿਆਂ ਦਾ ਮਾਣ ਕਰ ਲੈਂਦੀਆਂ ਹਨ ਕਿ ਮੈਂ ਉੱਥੇ ਇੰਝ ਸੀ ਜਾਂ ਇੰਝ ਸੀ। ਵਾਸਤਵ ਵਿੱਚ ਲੜਕੀ ਜਿਸ ਘਰ ਵਿਆਹੀ ਜਾਂਦੀ ਹੈ ਉਸ ਪਰਿਵਾਰ ਦੀ ਉਸ ਨੇ ਅਣਸ ਤੋਰਨੀ ਹੈ। ਉਸ ਪਰਿਵਾਰ ਦੀ ਸ਼ਾਨ ਬਣਨਾ ਹੈ। ਉਸ ਦੀਆਂ ਨਣਦਾਂ ਉਸ ਨੂੰ ਭੈਣਾਂ ਤੋਂ ਵੀ ਪਿਆਰੀਆਂ ਹੋਣੀਆਂ ਚਾਹੀਦੀਆਂ ਹਨ। ਅਸੀਂ ਕਈ ਫਿਲਮਾਂ ਵਿੱਚ ਦੇਖਿਆ ਹੈ ਕਿ ਭਰਜਾਈਆਂ ਨੇ ਆਪਣੇ ਉੱਪਰ ਇਲਜਾਮ ਲੈ ਲੈ ਕੇ ਆਪਣੀਆਂ ਨਣਦਾਂ ਨੂੰ ਬਚਾਇਆ ਅਤੇ ਅਸਲੀਅਤ ਵਿੱਚ ਵੀ ਕਈ ਜਗ੍ਹਾ ਐਸਾ ਹੋਇਆ ਹੈ। ਅਸੀਂ ਇਸ ਗੱਲ ਦੀ ਰਾਇ ਦਿੰਦੇ ਹਾਂ ਕਿ ਗੁਰਸਿੱਖਾਂ ਨੂੰ ਗੁਰਬਾਣੀ ਨਾਲ ਜੁੜਨ ਲਈ, ਸ਼ਬਦ ਰੂਪੀ ਤਾਕਤ, ਸੁਰਤ ਨਾਲ ਜੁੜਨ ਲਈ ਉਸ ਨੂੰ ਕੋਈ ਵੀ ਹੀਲਾ ਕਰਨਾ ਪਵੇ ਤਾਂ ਕਰ ਲੈਣਾ ਚਾਹੀਦਾ ਹੈ।

ਤਾਰਾ ਰਾਣੀ ਰਾਜੇ ਹਰੀਸ਼ ਚੰਦਰ (ਹਰੀ ਚੰਦ) ਦੀ ਪਤਨੀ ਸੀ। ਉਹ ਰਾਤ ਨੂੰ ਉੱਠ ਕੇ ਕਥਾ, ਕੀਰਤਨ, ਸੁਣਨ ਲਈ ਜਗਰਾਤੇ ਵਿੱਚ ਜਾਂਦੀ ਸੀ। ਪਰ ਉਹ ਰਾਜੇ ਨੂੰ ਦੱਸ ਕੇ ਨਹੀਂ ਜਾਂਦੀ ਸੀ। ਇੱਕ ਦਿਨ ਰਾਤ ਉੱਠ ਕੇ ਰਾਜਾ ਰਾਣੀ ਦੇ ਮਗਰ ਗਿਆ ਅਤੇ ਦੇਖਿਆ ਕਿ ਉਹ ਉੱਥੇ ਕੀਰਤਨ ਸੁਣ ਰਹੀ ਸੀ। ਪਹਿਲਾਂ ਉਸ ਨੂੰ ਸ਼ੱਕ ਸੀ ਕਿ ਪਤਾ ਨਹੀਂ ਕਿੱਥੇ ਜਾਂਦੀ ਹੈ। ਉਹ ਉੱਥੋਂ ਰਾਣੀ ਦੀ ਇੱਕ ਖੜਾਂਵ ਚੁੱਕ ਕੇ ਲੈ ਆਇਆ ਕਿ ਮੈਂ ਉਸ ਨੂੰ ਪੁੱਛਾਂਗਾ ਕਿ ਮੈਂ ਜੋ ਤੈਨੂੰ ਹੀਰਿਆਂ ਜੜੀ ਖੜਾਂ ਦਿੱਤੀ ਸੀ ਉਹ ਕਿੱਥੇ ਹੈ ? ਜਦੋਂ ਰਾਣੀ ਨੇ ਬਾਹਰ ਨਿਕਲ ਕੇ ਦੇਖਿਆ ਕਿ ਮੇਰੀਆਂ ਖੜਾਂਵਾਂ ਦਾ ਇੱਕ ਪੈਰ ਨਹੀਂ ਹੈ ਤਾਂ ਉਸ ਨੇ ਮਹਾਂ-ਮਾਈ, ਆਦਿ-ਸ਼ਕਤੀ ਜਾਂ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ, ਭਗਵਾਨ, ਮਾਧੋ ਅੱਗੇ ਅਰਦਾਸ ਕੀਤੀ ਤਦ ਉਸੇ ਤਰ੍ਹਾਂ ਦੀ ਇੱਕ ਖੜਾਂਵ ਉੱਥੇ ਪਹੁੰਚ ਗਈ। ਉਹ ਰਾਣੀ ਖੜਾਵਾਂ ਪਾ ਕੇ ਮਹਿਲਾਂ ਵਿੱਚ ਆ ਗਈ। ਜਦੋਂ ਸਵੇਰੇ ਰਾਜਾ ਉੱਠਿਆ ਤਦ ਉਸ ਨੇ ਪਹਿਲਾ ਸਵਾਲ ਇਹ ਕੀਤਾ ਤੂੰ ਰਾਤ ਕਿੱਥੇ ਸੀ। ਉਹ ਕਹਿਣ ਲੱਗੀ ਮੈਂ ਕਥਾ, ਕੀਰਤਨ ਸੁਣਨ ਲਈ ਗਈ ਸੀ। ਉਹ ਕਹਿਣ ਲੱਗਾ ਤੂੰ ਦੱਸ ਕੇ ਕਿਉਂ ਨਹੀਂ ਗਈ। ਪਰ ਮੈਂ ਰਾਤੀ ਤੇਰੀ ਚੋਰੀ ਫੜ ਲਈ ਸੀ। ਹੁਣ ਦੱਸ ਤੇਰੀਆਂ ਖੜਾਵਾਂ ਦਾ ਦੂਜਾ ਪੈਰ ਕਿੱਥੇ ਹੈ ? ਰਾਣੀ ਨੇ ਕਿਹਾ ਮੇਰੇ ਕੋਲ ਤਾਂ ਖੜਾਵਾਂ ਦੇ ਦੋਵੇਂ ਪੈਰ ਮੌਜੂਦ ਹਨ। ਜਦੋਂ ਰਾਜੇ ਨੇ ਦੋਵੈਂ ਪੈਰ ਦੇਖੇ ਤਾਂ ਰਾਣੀ ਨੂੰ ਪੁੱਛਿਆ ਕਿ ਦੱਸ ਇਹ ਤੈਨੂੰ ਕਿੱਥੋਂ ਮਿਲੀ ਹੈ। ਰਾਣੀ ਨੇ ਕਿਹਾ ਕਿ ਜਦੋਂ ਤੁਸੀਂ ਇੱਕ ਖੜਾਂਵ ਲੈ ਆਏ ਸੀ ਫੇਰ ਮੈਂ ਮਾਲਿਕ ਅੱਗੇ ਅਰਦਾਸ ਕੀਤੀ ਅਤੇ ਮਾਲਿਕ ਨੇ ਉਸੇ ਤਰ੍ਹਾਂ ਦੀ ਇੱਕ ਹੋਰ ਖੜਾਂਵ ਮੇਰੇ ਲਈ ਭੇਜ ਦਿੱਤੀ। ਉਸ ਰਾਣੀ ਦੀ ਕੋਈ ਨੀਤ ਖਰਾਬ ਨਹੀਂ ਸੀ। ਉਸ ਨੇ ਪਤੀ ਨੂੰ ਵੀ ਸੱਚ ਦੱਸ ਦਿੱਤਾ ਤਾਂ ਉਸ ਦੇ ਪਤੀ ਨੇ ਕਿਹਾ ਕਿ ਅੱਜ ਤੋਂ ਬਾਅਦ ਮੈਂ ਵੀ ਤੇਰੇ ਨਾਲ ਕਥਾ ਸੁਣਨ ਜਾਇਆ ਕਰਾਂਗਾ। ਰਾਜਾ ਹਰੀ ਚੰਦ ਵੀ ਭਗਤੀ ਕਰਨ ਲੱਗ ਪਿਆ।

ਲੜਕੀਆਂ ਨੂੰ ਆਪਣੇ ਪਤੀ ਦੇ ਨਾਲ ਪਿਆਰ ਰੱਖਣ ਲਈ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਗਰ ਉਹ ਕਹਿੰਦਾ ਹੈ ਪੇਕੇ ਘੱਟ ਜਾਣਾ ਹੈ ਤਦ ਨਾ ਜਾਉ। ਜਾਂ ਕਿਸੇ ਹੋਰ ਨੂੰ ਨਹੀਂ ਮਿਲਣਾ ਤਾਂ ਮੱਤ ਮਿਲੋ। ਇਸ ਤਰ੍ਹਾਂ ਗੁਰਸਿੱਖੀ ਜੀਵਨ ਵਿੱਚ ਸਾਧੂ ਕਹਿੰਦੇ ਹਨ ਕਿ ਤੁਸੀਂ ਕਬਰ, ਸਮਾਧ ਜਾਂ ਮੰਤਰ ਵਾਲੇ ਕੋਲ ਨਹੀਂ ਜਾਣਾ ਹੈ। ਇਸੇ ਤਰ੍ਹਾਂ ਲੜਕੀ ਦਾ ਪਤੀ ਵੀ ਰੋਕ ਲਾ ਸਕਦਾ ਹੈ ਕਿ ਤੇਰੇ ਪੇਕਿਆਂ ਨੇ ਜਾਂ ਭਣਵਈਏ ਨੇ ਜਾਂ ਕਿਸੇ ਹੋਰ ਨੇ ਮੇਰੇ ਬਾਰੇ ਗਲਤ ਬਚਨ ਕੀਤੇ ਹਨ ਤੂੰ ਉੱਥੇ ਨਹੀਂ ਜਾਣਾ। ਅਗਰ ਐਸੀ ਗੱਲ ਹੁੰਦੀ ਹੈ ਤਾਂ ਪਤੀ ਦਾ ਸ਼ੰਕਾ ਨਵਿਰਤ ਕਰੋ। ਉੱਥੇ ਲੜਾਈ ਝਗੜਾ ਨਾ ਕਰੋ। ਉਸ ਦੀ ਆਗਿਆ ਵਿੱਚ ਰਹੋ। ਇਸੇ ਤਰ੍ਹਾਂ ਸਾਧੂ ਵੀ ਗੁਰਸਿੱਖ ਨੂੰ ਆਗਿਆ ਵਿੱਚ ਰਹਿਣ ਦੀ ਪ੍ਰੇਰਨਾ ਦਿੰਦੇ ਹਨ।

**ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥**

**ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੧॥**

ਮਾਲਿਕ ਕੋਲ ਬੇਨਤੀ ਕਰੋ

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ (ਅੰਗ 694)*

ਹਜ਼ੂਰ ਮੈਂ ਅੱਗੇ ਬਹੁਤ ਜਨਮ ਭਟਕਦਾ ਰਿਹਾ ਹਾਂ ਪਰ ਹੁਣ ਮੇਰਾ ਜੀਵਨ ਐਂਤਰ ਨਾ ਜਾਵੇ।

**ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥**

**ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਰੇ ਸੰਤ ਹੀ ਮੋਹਰ ਲਾਉਂਦੇ ਹਨ। ਇਹ ਗੱਲ ਹਰ ਥਾਂ 'ਤੇ ਸੱਚ ਹੈ

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (ਅੰਗ 1)*

ਕਿ ਜੇ ਉਸ ਮਾਲਿਕ ਨੂੰ ਅੱਛਾ ਲੱਗੇਗਾ ਫੇਰ ਹੀ ਅਸੀਂ ਸਿਮਰਨ ਕਰ ਸਕਾਂਗੇ।

# ਸਤਿਸੰਗ ਸੰਗ੍ਰਾਂਦ ਮਹੀਨਾ ਵੈਸਾਖ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1108)**

**ਵੈਸਾਖੁ ਭਲਾ ਸਾਖਾ ਵੇਸ ਕਰੇ॥**

ਵੈਸਾਖ ਦਾ ਮਹੀਨਾ 14-4-2010 ਬੁੱਧਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਨਾਮ ਦੀ ਦਾਤ ਬਖਸ਼ ਕੇ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਅੱਜ ਖਾਲਸਾ ਜੀ ਦਾ ਸਿਰਜਣਾ ਦਿਵਸ ਹੈ। ਹਜ਼ੂਰ ਸੰਗਤ ਵਿੱਚ ਭਾਵ, ਭਰੋਸਾ, ਪਿਆਰ ਅਤੇ ਇਤਿਫਾਕ ਬਣਾਈ ਰੱਖਣ। ਅੱਜ ਸਵੇਰੇ ਸਾਨੂੰ ਪੁੱਛਿਆ ਗਿਆ ਕਿ ਦਿੱਲੀ ਅਤੇ ਜ਼ਿਲ੍ਹਾ ਗੁਰਦਾਸਪੁਰ ਦੀ ਸੰਗਤ ਨੇ ਅਖੰਡ ਪਾਠ ਕਰਵਾਇਆ ਹੈ ਇੱਕ ਜਗ੍ਹਾ ਦਾ ਸੰਗਤ ਹੁਕਮਨਾਮਾ ਲੈ ਲਵੇ ਅਤੇ ਇੱਕ ਥਾਂ ਦੀ ਸੰਗਤ ਰੁਮਾਲਾ ਭੇਟਾ ਕਰਨ ਦੀ ਸੇਵਾ ਕਰ ਲਵੇ। ਅਸੀਂ ਕਿਹਾ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਤਾਂ ਸਾਂਝੀਵਾਲਤਾ ਦਾ ਪੈਗਾਮ ਦਿੱਤਾ ਸੀ। ਸਭ ਮਜ਼ਹਬਾਂ ਅਤੇ ਧਰਮਾਂ ਦੇ ਲੋਕਾਂ ਨੂੰ ਇੱਕ ਲੜੀ ਵਿੱਚ ਪਿਰੋ ਕੇ ਵੱਖ-ਵਖੇਵੇਂ ਮਿਟਾ ਕੇ ਇੱਕ ਕੀਤਾ ਸੀ। ਇਸ ਕਰਕੇ ਅਸੀਂ ਕਿਹਾ ਕਿ ਅੱਜ ਤੋਂ ਬਾਅਦ ਜੋ ਪੂਰਨ ਸੰਤਾਂ ਦੇ ਅਵਤਾਰ ਪੁਰਬ ਹੋਣਗੇ ਕੋਈ ਇੱਕ ਸਟੇਟ ਜਾਂ ਇੱਕ ਜ਼ਿਲ੍ਹਾ ਨਹੀਂ ਸਗੋਂ ਸਾਰੇ ਰਲ ਕੇ ਸਾਂਝੀਵਾਲਤਾ ਨਾਲ ਪਾਠ ਦੀ ਸੇਵਾ ਕਰਿਆ ਕਰਨਗੇ। ਕਿਸੇ ਇੱਕ ਵੱਲੋਂ ਪਾਠ ਨਹੀਂ ਹੋਵੇਗਾ। ਸੋਈ ਆਪਾਂ ਨੇ ਇਸ ਮੰਚ ਤੋਂ ਸਾਂਝੀਵਾਲਤਾ ਦਾ ਪੈਗਾਮ ਦੇਣਾ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦਾ ਅਸਥਾਨ ਅਨੰਦਪੁਰ ਸਾਹਿਬ ਹੈ। ਅਸੀਂ ਬਚਪਨ ਵਿੱਚ ਸ਼ਬਦ ਪੜ੍ਹਦੇ ਹੁੰਦੇ ਸੀ ਕਿ

*ਚਲੋ ਸਿੰਘੋ ਰਲ ਦਰਸ਼ਨ ਕਰੀਏ*
*ਗੁਰੂ ਗੋਬਿੰਦ ਸਿੰਘ ਆਏ ਨੇ*
*ਪਟਨਾ ਸਾਹਿਬ ਦਾ ਜਨਮ ਗੁਰਾਂ ਦਾ*
*ਅਨੰਦਪੁਰ ਡੇਰੇ ਲਾਏ ਨੇ*
*ਪਿਤਾ ਜਿਹਨਾਂ ਦੇ ਤੇਗ ਬਹਾਦਰ*
*ਮਾਤਾ ਗੁਜਰੀ ਜਾਏ ਨੇ*
*ਚਲੋ ਸਿੰਘੋ ਰਲ ਦਰਸ਼ਨ ਕਰੀਏ*
*ਗੁਰੂ ਗੋਬਿੰਦ ਸਿੰਘ ਆਏ ਨੇ।*

ਆਪਾਂ ਸਾਰਿਆਂ ਨੇ ਅਤੇ ਸੰਸਾਰ ਦੇ ਕੋਨੇ-ਕੋਨੇ ਵਿੱਚ ਵੱਸ ਰਹੀ ਗੁਰੂ ਨਾਨਕ ਨਾਮ ਸੇਵਾ ਸੰਗਤ ਨੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਦਿਹਾੜੇ ਮਨਾ ਰਹੀ ਹੈ, ਇਹਨਾਂ ਸਾਰੀਆਂ ਗੱਲਾਂ ਤੋਂ ਉੱਪਰ ਉੱਠ ਕੇ ਸਦਾ ਲਈ ਅਰਦਾਸ ਕਰਨੀ ਹੈ ਕਿ ਹਜ਼ੂਰ ਸਾਡੇ ਵਿੱਚ ਇਤਿਫਾਕ ਅਤੇ ਪਿਆਰ ਬਖ਼ਸ਼ਿਉ।

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਅੱਜ ਸਿਰਜਣਾ ਦਿਵਸ ਤੇ ਹੁਕਮਨਾਮਾ ਆਇਆ ਹੈ ਕਿ

*ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ॥*
*(ਅੰਗ 610)*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਅਹਿਦ ਵਿੱਚ ਸੰਗਤਾਂ ਨੇ ਤਨ, ਮਨ ਅਤੇ ਧਨ ਅਰਪਣ ਕਰ ਦਿੱਤਾ ਅਤੇ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਜੋ ਖ਼ਾਲਸਾ ਪੰਥ ਦੀ ਸਿਰਜਣਾ ਇਸ ਲਈ ਕੀਤੀ

*ਸਤਿਗੁਰੁ ਮੇਰਾ ਮਾਰਿ ਜੀਵਾਲੈ॥ (ਅੰਗ 1142)*

ਕਿਉਂਕਿ ਸਾਡੇ ਵੱਡ-ਵਡੇਰੇ ਸਾਰੀ ਕੌਮ ਐਨੀ ਕਾਇਰ ਹੋ ਚੁੱਕੀ ਸੀ ਕਿ ਬੋਦੀ ਦੀ ਨਿਸ਼ਾਨੀ ਹੁੰਦੀ ਸੀ। ਜਦੋਂ ਕਿਸੇ ਹਮਲਾਵਰ ਨੇ ਆਉਣਾ ਤਾਂ ਉਹਨਾਂ ਨੇ ਆਪਣੀ ਬੋਦੀ ਕੱਟ ਲੈਣੀ ਅਤੇ ਕਹਿਣਾ ਕਿ ਅਸੀਂ ਹਿੰਦੂ ਨਹੀਂ ਹਾਂ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ ਕਿ ਅਸੀਂ ਐਸੀ ਕੌਮ ਦੀ ਸਿਰਜਣਾ ਕਰਾਂਗੇ ਜੋ ਛੁਪਾਇਆਂ ਨਹੀਂ ਛੁਪੇਗੀ। ਉਹਨਾਂ ਨੇ ਇੱਕ ਐਸੀ ਫੌਜ, ਐਸਾ ਸਰੂਪ ਤਿਆਰ ਕੀਤਾ ਜੋ ਕਿ ਲੱਖਾਂ ਵਿੱਚੋਂ ਵੀ ਨਵੇਕਲਾ ਪਛਾਣਿਆ ਜਾ ਸਕਦਾ ਹੈ।

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮੇਂ ਹਉ ਕਰੂੰ ਨਿਵਾਸ।*

ਧੰਨ ਮਹਾਰਾਜਾ ਰਣਜੀਤ ਸਿੰਘ ਸਨ। ਅਸੀਂ ਛੋਟੀ ਜਿਹੀ ਮੁਸ਼ਕਲ ਆਉਣ ਤੇ ਸਿੱਖੀ ਤੋਂ ਪਿੱਛੇ ਹੋ ਜਾਂਦੇ ਹਾਂ। ਸਾਡੇ ਬੱਚੇ ਕੇਸ ਅਤੇ ਦਾਹੜੀਆਂ ਕੱਟ ਰਹੇ ਹਨ। ਅਸੀਂ ਪਰਿਵਾਰ ਨੂੰ ਛੋਟੀ ਜਿਹੀ ਆਂਚ ਆਉਣ 'ਤੇ ਹੀ ਆਪਣੇ ਅਸੂਲ ਕੁਰਬਾਨ ਕਰ ਦਿੰਦੇ ਹਾਂ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਬਚਨ ਦਿੱਤੇ ਸੀ ਕਿ ਜੋ ਮੇਰੀ ਯਾਦਗਾਰ ਜਾਂ ਸਥਾਨ ਬਣਾਏਗਾ ਉਸ ਦੀ ਅਣਸ ਨਹੀਂ ਰਹੇਗੀ। ਸੰਤਾਂ ਦੇ ਚੋਜ ਹੁੰਦੇ ਹਨ। ਉਹਨਾਂ ਨੇ ਦੇਖਣਾ ਹੁੰਦਾ ਹੈ ਕਿ ਲੋਕ ਪਰਿਵਾਰਾਂ, ਅਣਸਾਂ ਨਾਲ ਪਿਆਰ ਕਰਦੇ ਹਨ ਜਾਂ ਸਾਨੂੰ ਪਿਆਰ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਹਰਿਮੰਦਰ ਸਾਹਿਬ ਦੀ ਸੇਵਾ ਸ਼ੁਰੂ ਕੀਤੀ ਕਿਉਂਕਿ ਇਹ ਪਹਿਲਾਂ ਰਾਮਦਾਸ ਪੁਰ ਸੀ। ਫੇਰ ਰਾਮਦਾਸ ਸਰ ਬਣਿਆ।

ਜਿਸਨੂੰ ਅਸੀਂ ਹਰਿਮੰਦਰ ਸਾਹਿਬ ਕਹਿੰਦੇ ਹਾਂ, ਹਰੀ ਦਾ ਮੰਦਰ ਕਹਿੰਦੇ ਹਾਂ, ਗੋਲਡਨ ਟੈਂਪਲ ਕਹਿੰਦੇ ਹਾਂ। ਜਦੋਂ ਉਸ ਦੀ ਸੇਵਾ ਸ਼ੁਰੂ ਹੋਈ ਤਾਂ ਉਸ ਸਮੇਂ ਦੇ ਜੋ ਵੀ ਇਤਿਹਾਸਕਾਰ ਸਨ ਉਹਨਾਂ ਨੇ ਦਸਵੇਂ ਪਾਤਿਸ਼ਾਹ ਜੀ ਦੇ ਅਹਿਦ ਦੀਆਂ ਲਿਖਤਾਂ ਬਾਰੇ ਆ ਕੇ ਦੱਸਿਆ ਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਬਚਨ ਹਨ ਕਿ ਜੋ ਸਾਡੀ ਯਾਦਗਾਰ ਬਣਾਏਗਾ ਉਸ ਦੀ ਅਣਸ ਨਹੀਂ ਰਹੇਗੀ। ਤਦ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਤੱਕ ਨਾ ਕਿਸੇ ਦੀ ਅਣਸ ਰਹੀ ਹੈ ਅਤੇ ਨਾ ਹੀ ਰਹੇਗੀ। ਮੇਰੀ ਅਣਸ ਰਹੇ ਜਾਂ ਨਾ ਰਹੇ ਮੈਂ ਗੁਰੂ ਘਰ ਦੀਆਂ ਯਾਦਾਂ ਬਣਾਵਾਂਗਾ। ਸੋਈ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਐਸਾ ਸਮਾਂ ਆਇਆ ਕਿ ਅੰਗਰੇਜ਼ਾਂ ਨੇ ਧਿਆਨ ਸਿੰਘ ਡੋਗਰੇ ਰਾਹੀਂ ਕੰਵਰ ਨੌ ਨਿਹਾਲ ਸਿੰਘ ਦੇ ਸਿਰ ਉੱਪਰ ਡਿਉੜੀ ਦਾ ਛੱਜਾ ਸੁਟਵਾ ਕੇ ਜਖਮੀ ਕਰ ਦਿੱਤਾ ਅਤੇ ਉਸ ਦੇ ਸਿਰ ਵਿੱਚ ਪੱਥਰ ਮਾਰ ਮਾਰ ਕੇ ਖਤਮ ਕਰ ਦਿੱਤਾ। ਬਾਕੀ ਕੰਵਰਾਂ ਦੀਆਂ ਫੌਜਾਂ ਵਿੱਚ ਫੁੱਟ ਪਾ ਦਿੱਤੀ। ਮਹਾਰਾਜਾ ਦਲੀਪ ਸਿੰਘ ਵਰਗਿਆਂ ਨੂੰ ਇੰਗਲੈਂਡ ਤੱਕ ਲੈ ਗਏ। ਉਹਨਾਂ ਨੂੰ ਉੱਥੇ ਬੜੇ ਸਬਜ਼ਬਾਗ ਦਿਖਾਏ ਪਰ ਉਹ ਕੁਝ ਨਹੀਂ ਮੰਨੇ। ਮੌਤ ਦੇ ਸਮੇਂ ਉਹਨਾਂ ਤੋਂ ਉਹਨਾਂ ਦੀ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਹਨਾਂ ਨੇ ਕਿਹਾ ਕਿ ਮੇਰੀ ਚਿਤਾ ਦੀ ਰਾਖ ਪੰਜਾਬ ਵਿੱਚ ਲਿਜਾਈ ਜਾਵੇ। ਜਿੱਥੇ ਮੇਰੇ ਵੱਡਿਆਂ ਨੇ ਉਹਨਾਂ ਗੁਰੂਆਂ ਪੀਰਾਂ ਦੀ ਧਰਤੀ ਉੱਪਰ ਪ੍ਰਣ ਲਿਆ ਸੀ ਕਿ ਅਣਸ ਰਹੇ ਜਾਂ ਨਾ ਰਹੇ ਅਸੀਂ ਯਾਦਗਾਰਾਂ ਬਣਾਉਣੀਆਂ ਹਨ।

ਸਾਨੂੰ ਰੈਨਾਵਾੜੀ (ਸ੍ਰੀ ਨਗਰ) ਜਾਣ ਦਾ ਮੌਕਾ ਮਿਲਿਆ। ਜਵਾਹਰ ਲਾਲ ਨਹਿਰੂ ਦੇ ਨਾਨਕੇ ਵੀ ਰੈਨਾਵਾੜੀ ਸਨ। ਉੱਥੇ ਇੱਕ ਕਿਲ੍ਹਾ ਹੈ ਜਿੱਥੇ ਔਰੰਗਜ਼ੇਬ ਪੰਡਿਤਾਂ ਨੂੰ, ਸਾਡੇ ਵੱਡ-ਵਡੇਰਿਆਂ ਨੂੰ, ਲਾਈਨ ਵਿੱਚ ਖੜ੍ਹੇ ਕਰ ਲੈਂਦਾ ਸੀ। ਉਹਨਾਂ ਦੇ ਗਲ ਵਿੱਚ ਜੋ ਸੂਤ ਦਾ ਧਾਗਾ, ਜਨੇਊ ਪਿਆ ਹੁੰਦਾ ਸੀ, ਉਹਨਾਂ ਦੇ ਗਲ ਵਿੱਚੋਂ ਉਹ ਧਾਗਾ ਉਤਾਰ ਕੇ ਤੱਕੜ ਵਿੱਚ ਪਾਈ ਜਾਣਾ ਅਤੇ ਕਤਲੇਆਮ ਕਰੀ ਜਾਣਾ। ਜਦੋਂ ਧਾਗੇ ਦਾ ਵਜਨ ਵੀਹ ਸੇਰ ਪੱਕਾ ਹੁੰਦਾ ਸੀ ਫੇਰ ਕਤਲੇਆਮ ਬੰਦ ਹੁੰਦਾ ਸੀ। ਇਹ ਸਭ ਕੁਝ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਲਈ ਕੀਤਾ ਜਾਂਦਾ ਸੀ। ਪੰਡਿਤਾਂ ਨੇ ਔਰੰਗਜ਼ੇਬ ਨੂੰ ਕਿਹਾ ਕਿ ਤੂੰ ਸਾਨੂੰ ਕਤਲ ਨਾ ਕਰ। ਸਾਡੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ। ਅਗਰ ਉਹ ਮੁਸਲਮਾਨ ਮੱਤ ਧਾਰਨ ਕਰ ਲੈਣਗੇ ਤਾਂ ਫੇਰ ਤੁਹਾਨੂੰ ਕਿਸੇ ਹੋਰ ਨੂੰ ਕਤਲ ਕਰਨ ਦੀ ਲੋੜ ਨਹੀਂ ਪਵੇਗੀ। ਅਸੀਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ। ਕਸ਼ਮੀਰੀ ਪੰਡਿਤਾਂ ਨੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਚਰਨਾਂ ਵਿੱਚ ਫਰਿਆਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਹਰੋਂ ਖੇਡਦੇ ਆਏ ਅਤੇ ਆਪਣੇ ਪਿਤਾ ਜੀ ਨੂੰ ਵੈਰਾਗ ਵਿੱਚ ਬੈਠਿਆਂ ਦੇਖ ਕੇ ਪੁੱਛਿਆ ਕਿ ਪਿਤਾ ਜੀ ਕੀ ਗੱਲ ਹੈ? ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਦੱਸਿਆ ਕਿ ਪੰਡਿਤ ਆਏ ਹਨ। ਇਹ ਇਸ ਮੁਸ਼ਕਲ ਵਿੱਚ ਹਨ। ਇਹਨਾਂ ਦੇ ਕਸ਼ਟ ਦੇ ਨਿਵਾਰਣ ਲਈ ਕਿਸੇ ਮਹਾਂਪੁਰਸ਼ ਦੀ ਬਲੀ ਦੀ ਲੋੜ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ ਤੁਹਾਡੇ ਨਾਲੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੈ? ਤੁਸੀਂ ਆਪਣਾ ਬਲੀਦਾਨ ਦਿਉ। ਇਸ ਤਰ੍ਹਾਂ ਉਹਨਾਂ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਜੀ ਨੂੰ ਬਲੀਦਾਨ ਲਈ ਭੇਜਿਆ। ਪੰਡਿਤ ਘਬਰਾਏ ਹੋਏ ਸੀ ਕਹਿਣ ਲੱਗੇ, ਲੇਟ ਨਾ ਹੋ ਜਾਇਉ। ਤਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ

*ਬਾਂਹਿ ਜਿਨਾ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋਡੀਐ।*
*ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋਡੀਐ।*

ਤੁਸੀਂ ਘਬਰਾਉ ਨਾ ਅਸੀਂ ਉੱਥੇ ਜ਼ਰੂਰ ਪਹੁੰਚਾਂਗੇ। ਫੇਰ ਦੋ ਵੱਡੇ ਸਾਹਿਬਜਾਦੇ ਜੰਗ ਵਿੱਚ ਸ਼ਹੀਦ ਹੋਏ। ਦੋ ਛੋਟੇ ਸਾਹਿਬਜਾਦੇ ਨੀਂਹਾਂ ਵਿੱਚ ਚਿਣੇ ਗਏ। ਮਾਤਾ ਗੁਜਰੀ ਜੀ ਨੇ ਵੀ ਠੰਡੇ ਬੁਰਜ਼ ਵਿੱਚ ਤਸੀਹੇ ਝਲਦਿਆਂ ਆਪਣੇ ਪ੍ਰਾਣ ਤਿਆਗੇ। ਪਰ ਖ਼ਾਲਸਾ ਪੰਥ ਦੀਆਂ ਨੀਹਾਂ ਮਜਬੂਤ ਕੀਤੀਆਂ। ਹਜ਼ੂਰ ਦਸਵੇਂ ਪਾਤਿਸ਼ਾਹ ਨੂੰ ਕਿਹਾ ਗਿਆ ਕਿ ਆਪ ਦੇ ਚਾਰ ਸਾਹਿਬਜਾਦੇ ਸ਼ਹੀਦ ਹੋ ਗਏ ਹਨ। ਉਹਨਾਂ ਨੇ ਫ਼ੁਰਮਾਨ ਕੀਤਾ ਕਿ

*ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।*
*ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ।*

ਹੁਣ ਤਾਂ ਲੱਖਾਂ ਅਤੇ ਕਰੋੜਾਂ ਵਿੱਚ ਕੌਮ ਦੀ ਸਿਰਜਣਾ ਹੋ ਚੁੱਕੀ ਹੈ। ਸੋਈ ਜਿਉਂ-ਜਿਉਂ ਇਸ ਕੌਮ ਉੱਪਰ ਸੰਕਟ ਆਇਆ ਇਹ ਕੌਮ ਹੋਰ ਉੱਪਰ ਉੱਭਰੀ। ਅੱਜ ਸਾਰੀ ਦੁਨੀਆਂ ਵਿੱਚ ਖ਼ਾਲਸਾ ਜੀ ਦਾ ਸਿਰਜਣਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਨੂੰ ਜਨਮ ਦਿਨ ਨਹੀਂ ਕਹਿਣਾ ਕਿਉਂਕਿ

*ਜੋ ਜਨਮੈ ਸੋ ਜਾਨਹੁ ਮੂਆ॥*
*ਗੋਵਿੰਦ ਭਗਤੁ ਅਸਥਿਰੁ ਹੈ ਥੀਆ॥ (ਅੰਗ 375)*

ਜੋ ਜੰਮਦਾ ਹੈ ਉਹ ਮਰਦਾ ਹੈ। ਸਿੱਖ ਕੌਮ ਕਦੇ ਮਰ ਨਹੀਂ ਸਕਦੀ। ਇੱਕ ਇਨਸਾਨ ਮਰ ਸਕਦਾ ਹੈ। ਸੋਈ ਅੱਜ ਖ਼ਾਲਸਾ ਜੀ ਦਾ ਸਿਰਜਣਾ ਦਿਵਸ ਹੈ ਅਮਰ ਦਿਵਸ ਹੈ। ਰਹਿੰਦੀ ਦੁਨੀਆਂ ਤੱਕ ਖ਼ਾਲਸਾ ਜੀ ਦੀ ਆਨ ਅਤੇ ਸ਼ਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਸਦਕਾ, ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਸਦਕਾ, ਸਾਡੇ ਹਜ਼ੂਰ ਦੀ ਕਿਰਪਾ ਸਦਕਾ ਬੁਲੰਦ ਰਹੇਗੀ। ਅੱਜ ਅਸੀਂ ਭਾਗਾਂ ਵਾਲੇ ਹਾਂ ਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੁਆਰਾ ਸਿਰਜੇ ਹੋਏ ਖ਼ਾਲਸਾ ਪੰਥ ਦਾ ਸਿਰਜਨਾ ਦਿਵਸ ਮਨਾਉਣ ਲਈ ਹਜ਼ੂਰ ਦੀਆਂ ਖੁਸ਼ੀਆਂ ਲੈਣ ਲਈ ਇਕੱਤਰ ਹੋਏ ਹਾਂ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੀ ਉਮਤ ਬਹੁਤ ਬੁਲੰਦ ਹੈ। ਸਾਡੀ ਜ਼ੁਬਾਨ ਛੋਟੀ ਹੈ ਪਰ ਹਜ਼ੂਰ ਦੇ ਗੁਣ ਬਹੁਤੇ ਹਨ। ਆਪਾਂ ਜਿੰਨੀ ਜ਼ਿਆਦਾ ਉਸਤਿਤ ਕਰਾਂਗੇ ਆਪਣੇ ਹੀ ਭਾਗ ਬਣਾਵਾਂਗੇ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਚਰਨਾਂ

ਵਿੱਚ ਬੇਨਤੀ ਹੈ ਕਿ ਸੱਚੇ ਪਾਤਿਸ਼ਾਹੋ! ਅਸੀਂ ਗਰੀਬ ਹਾਂ, ਮਸਕੀਨ ਹਾਂ, ਅਨਜਾਣ ਹਾਂ, ਭੁੱਲਣਹਾਰ ਹਾਂ। ਸਾਡੀਆਂ ਭੁੱਲਾਂ ਅਤੇ ਗਲਤੀਆਂ ਮੁਆਫ਼ ਕਰਕੇ ਸਿਰਫ ਤੇ ਸਿਰਫ ਆਪਣੇ ਬਿਰਦ ਦੀ ਲਾਜ ਰੱਖਦਿਆਂ ਹੋਇਆਂ ਸਾਡੇ ਮਨਾਂ ਵਿੱਚ ਸਿੱਖੀ ਵਾਸਤੇ ਸ਼ਰਧਾ ਅਤੇ ਭਾਵ ਬਖ਼ਸ਼ੋ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ ਬਖ਼ਸ਼ਦੇ ਹੋਏ ਸਿੱਖੀ ਜੀਵਨ ਬਤੀਤ ਕਰਨ ਦਾ ਬਲ ਬਖਸ਼ੋ। ਹਜ਼ੂਰ ਸਾਡੀਆਂ ਇਹ ਅਰਦਾਸਾਂ ਅਤੇ ਜੋਦੜੀਆਂ ਹਨ ਕਿ ਆਉਣ ਵਾਲਾ ਸਮਾਂ ਖੁਸ਼ੀਆਂ ਭਰਿਆ ਹੋਵੇ। ਅਨੰਦ ਤੋਂ ਭਾਵ ਹੈ ਖੁਸ਼ੀਆਂ ਅਤੇ ਖੇੜਿਆਂ ਦੀ ਪ੍ਰਾਪਤੀ। ਜਦੋਂ ਕਲਗੀਆਂ ਵਾਲੇ ਨੇ ਆ ਕੇ ਸ੍ਰੀ ਅਨੰਦਪੁਰ ਸਾਹਿਬ ਡੇਰਾ ਲਾਇਆ ਤਦ ਲੋਕਾਂ ਨੇ ਕਹਿਣਾ ਕਿ ਜਦੋਂ ਉੱਥੇ ਗੁਰੂ ਦੇ ਚਰਨਾਂ ਵਿੱਚ ਪਹੁੰਚੀਦਾ ਹੈ ਅਨੰਦ ਆ ਜਾਂਦਾ ਹੈ, ਇਸ ਕਰਕੇ ਉਸ ਨਗਰ ਦਾ ਨਾਮ ਵੀ ਸ੍ਰੀ ਅਨੰਦਪੁਰ ਸਾਹਿਬ ਰੱਖਿਆ ਗਿਆ।

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੂੰ ਪੁੱਛਿਆ ਗਿਆ ਕਿ ਤੁਸੀਂ ਅੰਮ੍ਰਿਤ ਛਕਾ ਰਹੇ ਹੋ, ਪਹਿਲੀਆਂ ਪਾਤਿਸ਼ਾਹੀਆਂ ਨੇ ਅੰਮ੍ਰਿਤ ਕਿਉਂ ਨਹੀਂ ਛਕਾਇਆ? ਇਸ ਦਾ ਕੀ ਕਾਰਨ ਹੈ? ਅਸੀਂ ਵੀ ਕਹਿੰਦੇ ਹਾਂ ਕਿ ਹਜ਼ੂਰ ਜਿਸ ਨੂੰ ਪਿਆਰ ਅਤੇ ਉਤਸਾਹ ਬਖਸ਼ਣ, ਅੰਮ੍ਰਿਤ ਛਕਣਾ ਚਾਹੀਦਾ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਉੱਤਰ ਦਿੱਤਾ ਕਿ ਅਸੀਂ ਕੋਈ ਆਪਣਾ ਪੰਥ ਜਾਂ ਮੱਤ ਤਿਆਰ ਨਹੀਂ ਕੀਤਾ। ਅਸੀਂ ਆਪਣੇ ਤੋਂ ਬਾਅਦ ਤੁਹਾਨੂੰ ਜਿਸ ਗੁਰੂ ਸ਼ਬਦ ਗੁਰੂ ਦੇ ਸਮਰਪਿਤ ਕਰਨ ਜਾ ਰਹੇ ਹਾਂ ਉਸੇ ਗੁਰੂ ਦੀ ਬਾਣੀ ਵਿੱਚ ਅੰਕਿਤ ਹੈ

*ਹਮਾਰੀ ਪਿਆਰੀ ਅੰਮ੍ਰਿਤ ਧਾਰੀ*
*ਗੁਰਿ ਨਿਮਖ ਨ ਮਨ ਤੇ ਟਾਰੀ ਰੇ॥ (ਅੰਗ 404)*

ਸਾਡੇ ਉਹ ਪਿਆਰੇ ਹੋਣਗੇ ਜੋ ਅੰਮ੍ਰਿਤ ਧਾਰੀ ਹੋਣਗੇ।

*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ॥*
*ਰੰਗ ਤਮਾਸਾ ਪੂਰਨ ਆਸਾ*
*ਕਬਹਿ ਨ ਬਿਆਪੈ ਚਿੰਤਾ॥੩॥ (ਅੰਗ 496)*

ਜੋ ਇੱਕ ਅੰਮ੍ਰਿਤ ਅਸੀਂ ਬਾਟਾ ਤਿਆਰ ਕਰਕੇ ਛਕਾਉਂਦੇ ਹਾਂ ਉਹ ਸਿੱਖ ਕੌਮ ਵਿੱਚ ਪ੍ਰਚਲਤ ਹੈ। ਪਰ ਸੰਤਾਂ ਨੇ ਫ਼ੁਰਮਾਇਆ ਹੈ ਕਿ

*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ॥ (ਅੰਗ 1429)*

ਸੋਈ ਅਕਾਲ ਪੁਰਖ ਦੇ ਨਾਮ ਦਾ ਜਾਪ ਕਰਨਾ ਵੀ ਅੰਮ੍ਰਿਤ ਛਕਣਾ ਹੀ ਹੈ। ਜੇਕਰ ਆਪਾਂ ਕਿਤੇ ਅੰਮ੍ਰਿਤ ਛਕ ਕੇ ਸਿਮਰਨ ਅਤੇ ਪਾਠ ਕਰੀਏ ਫੇਰ ਸੋਨੇ ਤੇ ਸੁਹਾਗਾ ਹੈ। ਫੇਰ ਖੁਸ਼ੀਆਂ ਹੀ ਖੁਸ਼ੀਆਂ ਹਨ। ਜਿੱਥੇ ਆਪਾਂ ਗੁਰਬਾਣੀ ਦੀ ਸੰਗਤ ਕਰਕੇ ਗੁਰਬਾਣੀ ਦਾ ਸਿਮਰਨ ਕਰਨਾ ਹੈ। ਉੱਥੇ

*ਰਹਿਣੀ ਰਹੈ ਸੋਈ ਸਿਖ ਮੇਰਾ,*
*ਓਹੁ ਠਾਕੁਰ ਮੈਂ ਉਸਕਾ ਚੇਰਾ।*

ਤਥਾ

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਬਚਨ ਹਨ ਕਿ ਆਪਾਂ ਰਹਿਤ ਵਿੱਚ ਰਹਿਣਾ ਹੈ। ਅਗਰ ਅਸੀਂ ਸਿੱਖ ਅਖਵਾਉਂਦੇ ਹਾਂ ਪਰ ਰਹਿਤ ਨਹੀਂ ਰੱਖਦੇ ਤਦ ਵੀ ਸਾਨੂੰ ਹਜ਼ੂਰ ਕਲਗੀਆਂ ਵਾਲਿਆਂ ਦੀਆਂ ਖੁਸ਼ੀਆਂ ਨਹੀਂ ਮਿਲ ਸਕਦੀਆਂ।

*ਜਬ ਲਗ ਖਾਲਸਾ ਰਹੇ ਨਿਆਰਾ,*
*ਤਬ ਲਗ ਤੇਜ ਦੀਉ ਮੈ ਸਾਰਾ।*
*ਜਬ ਇਹ ਗਹੈ ਬਿਪਰਨ ਕੀ ਰੀਤ,*
*ਮੈ ਨਾ ਕਰੋਂ ਇਨ ਕੀ ਪ੍ਰਤੀਤ।*

ਹਜ਼ੂਰ ਫ਼ੁਰਮਾ ਗਏ ਹਨ ਕਿ ਅਗਰ ਇਹ ਖੰਡਤ ਹੋ ਗਏ ਫੇਰ ਮੈਂ ਇਹਨਾਂ ਦੀ ਪ੍ਰਤੀਤ ਨਹੀਂ ਕਰਾਂਗਾ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਟੁੱਟੀ ਗੰਢਣਹਾਰ ਹਨ। ਸਾਡੇ ਵੱਡੇ, ਮਾਝੇ ਦੇ ਮਝੈਲ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੂੰ ਬੇਦਾਵਾ ਲਿਖ ਕੇ ਅਨੰਦਪੁਰ ਸਾਹਿਬ ਤੋਂ ਆ ਗਏ ਸਨ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ ਅਗਰ ਤੁਸੀਂ ਜਾਣਾ ਹੈ ਤਦ ਸਾਨੂੰ ਇਹ ਲਿਖ ਕੇ ਦੇ ਦਿਉ ਕਿ

*ਕਲਗੀਆਂ ਵਾਲਾ ਨਹੀਂ ਅੱਜ ਤੋਂ ਗੁਰੂ ਸਾਡਾ,*
*ਕਲਗੀਆਂ ਵਾਲੇ ਦੇ ਅਸੀਂ ਕੁਝ ਲੱਗਦੇ ਨਹੀ।*

ਘਰਦਿਆਂ ਅਤੇ ਧੀਆਂ-ਪੁੱਤਰਾਂ ਦੇ ਮੋਹ ਪਿੱਛੇ ਆਪਾਂ ਡੋਲ ਗਏ ਸੀ ਅਤੇ ਬੇਦਾਵਾ ਲਿਖ ਦੇ ਕੇ ਦਿੱਤਾ ਸੀ। ਪ੍ਰੰਤੂ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਦੇ ਬਚਨ ਸਨ ਕਿ

*ਅੰਮ੍ਰਿਤਸਰੀਏ ਅੰਦਰ ਸੜੀਏ।*
*ਮਾਈਆਂ ਰੱਬ ਰਜਾਈਆਂ।*

ਮਾਝੇ ਦੀਆਂ ਬੀਬੀਆਂ ਉੱਪਰ ਰੱਬ ਦੀ ਕਿਰਪਾ ਹੋਵੇਗੀ ਅਤੇ ਉਹ ਆਉਣ ਵਾਲੀ ਅਣਸ ਨੂੰ ਗੁਰਬਾਣੀ ਵੱਲ ਤੋਰਨਗੀਆਂ। ਔਰਤਾਂ ਨੇ ਆਉਂਦਿਆਂ ਨੂੰ ਪੁੱਛਿਆ ਤੁਸੀਂ ਕਿਧਰ ਆ ਗਏ ਹੋ? ਉਹਨਾਂ ਨੇ ਉੱਤਰ ਦਿੱਤਾ ਕਿ ਅਸੀਂ ਬੇਦਾਵਾ ਲਿਖ ਕੇ ਦੇ ਆਏ ਹਾਂ। ਉਹ ਕਹਿਣ ਲੱਗੀਆਂ ਆਹ ਚੂੜੀਆਂ ਲੈ ਲਉ। ਤੁਸੀਂ ਚੂੜੀਆਂ ਪਾ ਕੇ ਘਰ ਰੋਟੀਆਂ ਪਕਾਉ, ਬੱਚੇ ਸੰਭਾਲੋ। ਅਸੀਂ ਹਜ਼ੂਰ ਕਲਗੀਆਂ ਵਾਲੇ ਦੀ ਫੌਜ ਵਿੱਚ ਜਾ ਕੇ ਜੰਗ ਲੜਾਂਗੀਆਂ ਅਤੇ ਜੁਲਮ ਦਾ ਟਾਕਰਾ ਕਰਾਂਗੀਆਂ। ਉਹਨਾਂ ਨੂੰ ਸ਼ਰਮ ਆਈ ਅਤੇ ਉਹ ਸਾਡੇ ਵੱਡੇ ਵਾਪਸ ਤੁਰ ਪਏ। ਉਹਨਾਂ ਦੀ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਮੁਗਲਾਂ ਨਾਲ ਜੰਗ ਹੋਈ। ਹਜ਼ੂਰ ਦਸਵੇਂ ਪਾਤਿਸ਼ਾਹ ਅੰਤਰਜਾਮੀ ਸਨ। ਉਹ ਵੇਖਣ ਲੱਗੇ ਕਿ ਮੁਗਲਾਂ ਨਾਲ ਕਿਹੜੀ ਫੌਜ ਲੜ ਰਹੀ ਹੈ। ਜਦੋਂ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਆ ਕੇ ਦੇਖਿਆ ਉਦੋਂ ਤੱਕ ਜਿਹਨਾਂ ਨੇ ਬੇਦਾਵਾ ਲਿਖਿਆ ਸੀ ਉਹਨਾਂ ਵਿੱਚੋਂ ਕਾਫੀ ਸਿੰਘ

ਸ਼ਹੀਦ ਹੋ ਚੁੱਕੇ ਸਨ। ਇੱਕ ਭਾਈ ਮਹਾਂ ਸਿੰਘ ਸਹਿਕ ਰਿਹਾ ਸੀ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਪੁੱਛਿਆ ਦੱਸ ਸਿੱਖਾ ਕੀ ਚਾਹੀਦਾ ਹੈ। ਉਹ ਕਹਿਣ ਲੱਗਾ ਹਜ਼ੂਰ ਅਸੀਂ ਭੁੱਲ ਗਏ ਸੀ। ਸਾਡੀਆਂ ਭੁੱਲਾਂ ਮੁਆਫ਼ ਕਰੋ। ਕਵੀਆਂ ਨੇ ਲਿਖਿਆ ਹੈ ਕਿ

*ਮਾਰ ਮਾਰ ਤੇਗਾਂ ਮਹਾਂ ਸਿੰਘ ਜੋਧਾ,*
*ਆਖਿਰ ਡਿੱਗ ਪਿਆ ਕਰਮਾਂ ਦੀ ਹਾਰ ਖਾ ਕੇ।*
*ਦਾਤਾ ਦੇਖ ਨਾ ਮੇਰੇ ਗੁਨਾਹ ਵੱਲੇ,*
*ਜਾਂਦੀ ਵਾਰ ਦੇ ਦੇਹ ਦੀਦਾਰ ਆ ਕੇ।*

ਹਜ਼ੂਰ ਨੇ ਪੁੱਛਿਆ ਦੱਸ ਤੂੰ ਕੀ ਮੰਗਦਾ ਏਂ।

*ਮੇਰੇ ਸੋਹਣਿਆਂ ਬਾਂਕਿਆ ਸੂਰਬੀਰਾ*
*ਕੁਝ ਆਪਣੇ ਲਈ ਵੀ ਮੰਗ ਲੈ ਤੂੰ।*
*ਚਾਹੇ ਦੋਹਾਂ ਜਹਾਨਾਂ ਦੀ ਜ਼ਿੰਦਗੀ ਨੂੰ*
*ਸ਼ਾਹੀ ਰੰਗਣਾ ਦੇ ਵਿੱਚ ਰੰਗ ਲੈ ਤੂੰ।*

ਅੱਜ ਅਸੀਂ ਵਜੀਰੀਆਂ ਅਤੇ ਅਫਸਰੀਆਂ ਲਈ ਆਪਣੇ ਈਮਾਨ ਤੱਕ ਵੇਚ ਦਿੰਦੇ ਹਨ। ਪਰ ਮਹਾਂ ਸਿੰਘ ਨੇ ਕਿਹਾ ਸਤਿਗੁਰੂ

*ਮੈਨੂੰ ਕਦੇ ਖ਼ੁਦਗਰਜੀਆਂ ਭਉਦੀਆਂ ਨਹੀਂ,*
*ਭਾਵੇਂ ਰੁਲ ਜਾਏ ਸੋਨੇ ਦਾ ਭਾਗ ਦਾਤਾ।*
*ਸਾਡੇ ਜਿਗਰ ਦੇ ਡੂੰਘੜੇ ਫੱਟ ਉੱਤੇ,*
*ਮਲ੍ਹਮ ਦਰਦ ਦੀ ਆ ਲਗਾ ਦਾਤਾ।*

ਹਜ਼ੂਰ ਮੈਨੂੰ ਮੁਆਫ਼ ਕਰ ਦਿਉ, ਬਖਸ਼ ਦਿਉ। ਤਦ ਕਲਗੀਆਂ ਵਾਲੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਕਹਿਣ ਲੱਗੇ ਮਹਾਂ ਸਿੰਘਾ! ਉੱਥੇ ਮੇਰੇ ਕੋਲ ਐਨਾ ਕੁਝ ਸੀ ਚਾਰ ਸਾਹਿਬਜਾਦੇ ਸੀ, ਧਨ ਦੌਲਤ ਸੀ, ਪਰਿਵਾਰ ਸੀ ਪਰ ਐਸ ਵੇਲੇ ਉਹਨਾਂ ਵਿੱਚੋਂ ਮੇਰੇ ਨਾਲ ਕੁਝ ਵੀ ਨਹੀਂ ਹੈ। ਕੇਵਲ ਤੁਹਾਡਾ ਬੇਦਾਵਾ ਹੀ ਮੈਂ ਕੋਲ ਰੱਖਿਆ ਹੋਇਆ ਹੈ ਕਿ ਕਦੋਂ ਸਾਡੇ ਸਿੱਖ ਮੁਆਫ਼ੀ ਮੰਗ ਕੇ ਪਛਤਾਵਾ ਕਰਨ ਅਤੇ ਅਸੀਂ ਉਹਨਾਂ ਨੂੰ ਮੁਆਫ਼ ਕਰ ਦੇਈਏ। ਸੋਈ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਉੱਥੇ ਬੇਦਾਵਾ ਪਾੜ ਕੇ ਸਾਨੂੰ ਫੇਰ ਆਪਣੇ ਚਰਨਾਂ ਦਾ ਆਸਰਾ ਬਖ਼ਸ਼ਿਆ ਅਤੇ ਟੁੱਟੀ ਗੰਢਣਹਾਰ ਅਖਵਾਏ। ਅਸੀਂ ਕਹਿੰਦੇ ਹਾਂ ਕਿ ਧੰਨ ਉਹ ਬੀਬੀਆਂ ਹਨ ਜਿਹਨਾਂ ਨੇ ਸਾਨੂੰ ਗੁਰੂ ਤੋਂ ਬੇਮੁੱਖ ਹੋਣ ਤੋਂ ਬਚਾਇਆ। ਵਰਨਾ ਅਸੀਂ ਗੁਰੂ ਵਾਲੇ ਨਹੀਂ ਅਖਵਾ ਸਕਣਾ ਸੀ। ਗੁਰੂ ਵਾਲੇ ਨਹੀਂ ਬਣ ਸਕਣਾ ਸੀ। ਹਜ਼ੂਰ ਨੇ ਆਪਣੇ ਬਿਰਦ ਦੀ ਲਾਜ ਰੱਖੀ ਅਤੇ ਸਾਡੇ ਔਗੁਣ ਮੁਆਫ਼ ਕਰਕੇ ਉਹ ਬੇਦਾਵਾ ਪਾੜ ਦਿੱਤਾ। ਅੱਜ ਦੇ ਦਿਨ ਸਿੱਖੀ ਦੇ ਸਿਰਜਣਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਈ. ਵਿੱਚ ਖ਼ਾਲਸੇ ਦੀ ਸਿਰਜਣਾ ਕੀਤੀ ਸੀ। ਅੱਜ ਸਾਰੀ ਦੁਨੀਆਂ ਵਿੱਚ ਵਸਦੇ ਸਿੱਖ ਅਤੇ ਅਸੀਂ ਵੀ ਭਾਗਾਂ ਵਾਲੇ ਜੀਵ ਹਾਂ ਕਿ ਹਜ਼ੂਰ ਨੇ ਸਾਨੂੰ ਸੁਆਸ ਬਖ਼ਸ਼ੇ ਹਨ ਅਤੇ ਅਸੀਂ ਹਜ਼ੂਰ ਕਲਗੀਆਂ ਵਾਲੇ ਦਾ ਜਾਪ ਕਰ ਰਹੇ ਹਾਂ। ਉਹਨਾਂ ਦਾ ਨਾਮ ਉਚਾਰਨ ਕਰ ਰਹੇ ਹਾਂ। ਸਾਨੂੰ ਆਸ ਹੈ ਕਿ ਹਜ਼ੂਰ ਕਲਗੀਆਂ ਵਾਲੇ ਸ਼ਬਦ ਸਰੂਪ ਹੋ ਕੇ ਸਾਡੇ ਵਿੱਚ ਹੀ ਬਿਰਾਜ਼ਮਾਨ ਹਨ ਅਤੇ ਸਾਡੀਆਂ ਸਾਰਿਆਂ ਦੀਆਂ ਬੇਨਤੀਆਂ ਸੁਣ ਰਹੇ ਹਨ। ਸੋਈ ਅਸੀਂ ਸਭ ਤੋਂ ਪਹਿਲਾਂ ਆਈ ਸੰਗਤ ਨੂੰ ਅਤੇ ਦੇਸ਼-ਵਿਦੇਸ਼ ਦੀ ਸੰਗਤ ਨੂੰ ਜੋ ਨਹੀਂ ਵੀ ਆ ਸਕੇ, ਇਸ ਸ਼ੁਭ ਮੌਕੇ ਉੱਤੇ ਖਾਲਸਾ ਦੇ 311ਵੇਂ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਦਿੰਦੇ ਹਾਂ ਅਤੇ ਹਜ਼ੂਰ ਕਲਗੀਆਂ ਵਾਲਿਆਂ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਹਜ਼ੂਰ ਸਾਨੂੰ ਸੁਮੱਤ ਬਖਸ਼ੋ। ਅਸੀਂ ਸਿੱਖੀ ਜੀਵਨ ਬਤੀਤ ਕਰੀਏ ਅਤੇ ਤੁਹਾਡੇ ਦੱਸੇ ਹੋਏ ਮਾਰਗ ਉੱਪਰ ਚੱਲ ਕੇ ਆਪਣਾ ਜੀਵਨ ਸਫਲ ਕਰੀਏ। ਅਸੀਂ ਇਹੋ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਿਸ਼ਾਹੋ

*ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ*
*ਬਖਸਿ ਲੀਆ ਖਿਨ ਮਾਹੀ॥ (ਅੰਗ 577)*

ਸਾਡੇ ਔਗੁਣ ਨਾ ਦੇਖਿਉ ਸਾਨੂੰ ਬਖ਼ਸ਼ ਦਿਉ। ਅਸੀਂ ਬਿਹਾਰ ਦੀ ਸੰਗਤ ਨਾਲ ਜ਼ਿਆਦਾ ਪਿਆਰ ਇਸ ਕਰਕੇ ਕਰਦੇ ਹਾਂ ਕਿਉਂਕਿ ਅਸੀਂ ਸੋਚਦੇ ਹਾਂ ਕਿ ਧੰਨ ਉਹ ਧਰਤੀ ਹੈ ਜਿਸ ਧਰਤੀ ਉੱਪਰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਅਵਤਾਰ ਲਿਆ ਸੀ ਨੌਂਵਾਂ ਪਾਤਿਸ਼ਾਹੀਆਂ ਤੱਕ ਦਾ ਅਵਤਾਰ ਇੱਧਰ ਪੰਜਾਬ ਵਿੱਚ ਹੋਇਆ ਪਰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦਾ ਅਵਤਾਰ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ ਸੀ। ਸ੍ਰੀ ਪਟਨਾ ਸਾਹਿਬ ਅਤੇ ਬਿਹਾਰ ਦੀ ਧਰਤੀ ਧੰਨ ਹੈ।

*ਸਾ ਧਰਤੀ ਭਈ ਹਰਿਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ (ਅੰਗ 310)*

ਜਦੋਂ ਪੂਰਨ ਸੰਤਾਂ ਦੇ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲੇ ਉਹ ਸਮਾਂ ਧੰਨ ਹੁੰਦਾ ਹੈ। ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਆਸਾਮ ਤੋਂ ਕਥਾ ਅਤੇ ਸਤਿਸੰਗ ਕਰਦੇ ਹੋਏ, ਲੋਕਾਂ ਨੂੰ ਸਿੱਖੀ ਨਾਲ ਜੋੜਦੇ ਹੋਏ ਜਦੋਂ ਵਾਪਸ ਆ ਰਹੇ ਸੀ ਤਦ ਬਿਹਾਰ ਵਿਚ ਕਾੜਾ ਗੋਲਾ ਰੇਲਵੇ ਸਟੇਸ਼ਨ ਹੈ ਜੋ ਕਿ ਗੰਗਾ ਨਦੀ ਦੇ ਕਿਨਾਰੇ ਉੱਤੇ ਹੈ। ਉੱਥੇ ਜਾ ਕੇ ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੂੰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਅਵਤਾਰ ਧਾਰਨ ਬਾਰੇ ਦੱਸਿਆ ਗਿਆ ਸੀ।

ਸੋਈ ਅੱਜ ਖਾਲਸਾ ਜੀ ਦਾ ਸਿਰਜਣਾ ਦਿਵਸ ਹੈ। ਹਜ਼ੂਰ ਸਭ ਨੂੰ ਖੁਸ਼ੀਆਂ-ਖੇੜੇ ਬਖਸ਼ਣ ਅਤੇ ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ। ਹਰ ਪੱਖੋਂ ਹਜ਼ੂਰ ਅਨੰਦ ਬਖ਼ਸ਼ਣ। ਅਸੀਂ ਇਹੋ ਅਰਦਾਸ ਕਰਦੇ ਹਾਂ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀਆ! ਅਨੰਦ ਬਖ਼ਸ਼, ਖੁਸ਼ੀਆਂ ਅਤੇ ਖੇੜਾ ਬਖਸ਼।

ਸੋਈ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਤੁਖਾਰੀ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖ਼ਸ਼ ਰਹੇ ਹਨ ਉਹ ਆਪਾਂ

ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿੱਚ ਪੌਦਿਆਂ ਉੱਪਰ ਪੁੰਗਰਾਟਾ ਆ ਜਾਂਦਾ ਹੈ ਅਤੇ ਬਨਸਪਤੀ ਪੂਰੇ ਜੋਬਨ 'ਤੇ ਹੁੰਦੀ ਹੈ। ਅਸੀਂ ਦੇਖਿਆ ਹੈ ਕਿ ਟਾਹਲੀਆਂ ਅਤੇ ਹੋਰ ਦਰੱਖ਼ਤਾਂ ਦੇ ਵੀ ਪੱਤਝੜ ਵਿੱਚ ਪੱਤੇ ਝੜ ਗਏ ਸਨ ਅਤੇ ਬੂਟੇ ਸੁੱਕ ਗਏ ਲਗਦੇ ਸਨ। ਹੌਲੀ-ਹੌਲੀ ਬਸੰਤ ਆਈ। ਅਤੇ ਵੈਸਾਖ ਦੇ ਮਹੀਨੇ ਵਿੱਚ ਦਰੱਖ਼ਤ ਅਤੇ ਸ਼ਾਖਾ ਹਰੀਆਂ ਹੁੰਦੀਆਂ ਹਨ ਅਤੇ ਖੁਸ਼ੀਆਂ ਮਾਣਦੀਆਂ ਹਨ। ਸਰਦੀ ਵਿੱਚ ਕੋਰੇ ਅਤੇ ਕੱਕਰ ਤੋਂ ਸਤਾਈ ਹੋਈ ਜੀਵ ਦੀ ਆਤਮਾ ਇਸ ਮਹੀਨੇ ਵਿੱਚ ਖੁਸ਼ੀ ਮਨਾਉਂਦੀ ਹੈ ਅਤੇ ਹਰੇਕ ਜੀਵ ਦੇ ਚਿੱਤ ਵਿੱਚ ਆਉਂਦਾ ਹੈ ਕਿ ਮੈਂ ਸਿਮਰਨ ਕਰਾਂ, ਪਾਠ ਕਰਾਂ, ਬੰਦਗੀ ਕਰਾਂ। ਇਹ ਕੁਦਰਤੀ ਬਖਸ਼ਿਸ਼ ਹੈ। ਅਸੀਂ ਦੇਖਿਆ ਹੈ ਲੋਕ ਸਾਈਕਲਾਂ, ਸਕੂਟਰਾਂ, ਮੋਟਰਸਾਈਕਲਾਂ, ਟਰੱਕਾਂ, ਬੱਸਾਂ, ਘੋੜਿਆਂ ਅਤੇ ਬੱਘੀਆਂ ਉੱਪਰ ਬੈਠ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਜਾ ਰਹੇ ਹਨ। ਪਰ ਉਸ ਤਾਕਤ ਨੇ ਸਾਨੂੰ ਜੋਸ਼, ਦਲੇਰੀ ਅਤੇ ਆਤਮ ਵਿਸ਼ਵਾਸ ਬਖਸ਼ਿਆ ਹੈ ਜਿਸ ਦੁਆਰਾ

*ਚਿੜੀਆਂ ਕੋਲੋਂ ਬਾਜ ਤੁੜਾਊਂ*
*ਤਬੀ ਗੋਬਿੰਦ ਸਿੰਘ ਨਾਮ ਕਹਾਊਂ।*

ਡਰਪੋਕਾਂ ਤੋਂ ਸ਼ੇਰ ਦਿਲ ਬਣਾ ਦਿੱਤਾ। ਅੱਜ ਹਰਿਦੁਆਰ ਵਿਖੇ ਸਵੇਰ ਤੱਕ ਸੱਠ ਲੱਖ ਲੋਕਾਂ ਨੇ ਇਸ਼ਨਾਨ ਕਰ ਲਿਆ ਸੀ। ਤੇਤੀ ਸੌ ਤੇਤੀ ਸਾਲ ਬਾਅਦ ਅੱਜ ਵਿਸਾਖੀ ਤੇ ਕੁੰਭ ਦਾ ਇਸ਼ਨਾਨ ਆਇਆ ਹੈ। ਇਸ ਦਿਨ ਸਾਡੇ ਵੱਡੇ-ਵਡੇਰੇ ਨਦੀਆਂ ਅਤੇ ਨਹਿਰਾਂ ਉੱਪਰ ਇਸ਼ਨਾਨ ਕਰਦੇ ਸੀ। ਸਾਡੇ ਵੱਡਿਆਂ ਨੇ ਅੱਜ ਦੇ ਦਿਨ ਸ੍ਰੀ ਹਰਿਮੰਦਰ ਸਾਹਿਬ ਇਸ਼ਨਾਨ ਕਰਕੇ ਜਾਂ ਜੋ ਨਹੀਂ ਪਹੁੰਚ ਸਕਦੇ ਸੀ ਉਹ ਨੇੜੇ ਦੀਆਂ ਨਦੀਆਂ ਨਹਿਰਾਂ ਵਿੱਚ ਇਸ਼ਨਾਨ ਕਰਕੇ ਵਾਢੀ ਸ਼ੁਰੂ ਕਰ ਦਿੰਦੇ ਸੀ। ਇਸ ਕਰਕੇ ਅੱਜ ਦੇ ਦਿਨ ਦੇ ਇਸ਼ਨਾਨ ਦੀ ਬਹੁਤ ਮਹੱਤਤਾ ਹੈ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰ ਰਹੇ ਹਨ ਕਿ ਵੈਸਾਖ ਦਾ ਮਹੀਨਾ ਬਹੁਤ ਭਾਗਾਂ ਵਾਲਾ ਹੈ। ਇਸ ਮਹੀਨੇ ਵਿੱਚ ਬਨਸਪਤੀ ਖਿੜਦੀ ਹੈ ਅਤੇ ਇਨਸਾਨ ਦੀ ਆਤਮਾ ਵੀ ਇਸ ਮਹੀਨੇ ਵਿੱਚ ਪਾਠ ਕਰਕੇ ਬਹੁਤ ਖੁਸ਼ ਹੁੰਦੀ ਹੈ, ਖੇੜੇ ਵਿੱਚ ਆਉਂਦੀ ਹੈ।

**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥**

ਇੱਕ ਪੈਸੇ ਨੂੰ ਧਨ ਕਿਹਾ ਗਿਆ ਹੈ ਅਤੇ ਇੱਕ ਆਤਮਾ ਨੂੰ ਧਨ ਕਿਹਾ ਗਿਆ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇਨਸਾਨ ਦੀ ਆਤਮਾ ਉਸ ਮਾਲਿਕ ਦੇ ਦੁਆਰ ਉੱਤੇ ਜਾ ਕੇ ਫਰਿਆਦ ਕਰਦੀ ਹੈ ਕਿ ਸੱਚੇ ਪਾਤਿਸ਼ਾਹੋ! ਮੈਨੂੰ ਵੀ ਆਪਣਾ ਮਿਲਾਪ ਅਤੇ ਦਰਸ਼ਨ ਬਖ਼ਸ਼ੋ।

**ਘਰਿ ਆਉ ਪਿਆਰੇ ਦੁਤਰ ਤਾਰੇ**

**ਤੁਧੁ ਬਿਨੁ ਅਢੁ ਨ ਮੋਲੋ ॥**

ਹਜ਼ੂਰ ਤੁਹਾਡਾ ਬਿਰਦ ਐਸਾ ਹੈ ਕਿ ਸੱਜਣ ਠੱਗ, ਭੂਮੀਆ ਚੋਰ, ਬਿਧੀ ਚੰਦ ਡਕੈਤ ਅਜਾਮਲ ਪਾਪੀ, ਗਣਕਾ ਵੇਸਵਾ, ਸਧਨਾ ਕਸਾਈ, ਕੌਡਾ ਰਾਖਸ ਵਰਗੇ ਦੁਤਰ ਤੋਂ ਦੁਤਰ ਜੀਵਾਂ ਨੂੰ ਵੀ ਤੁਸੀਂ ਜਦੋਂ ਦਰਸ਼ਨ ਦਿੱਤੇ ਤਾਂ ਉਹਨਾਂ ਦਾ ਅਧਾਰ ਹੋ ਗਿਆ। ਇਸ ਕਰਕੇ ਇਸ ਨਿਮਾਣੇ ਦੇ ਗ੍ਰਹਿ ਵਿਖੇ ਵੀ ਦਰਸ਼ਨ ਦਿਉ, ਚਰਨ ਪਾਉ। ਬੇਸ਼ੱਕ ਮੈਂ ਦੁਤਰ ਹਾਂ ਪਰ ਤੁਸੀਂ ਜਿਸ ਉੱਪਰ ਵੀ ਦ੍ਰਿਸ਼ਟੀ ਪਾਈ ਉਸ ਦਾ ਅਧਾਰ ਹੋ ਗਿਆ। ਇਸ ਕਰਕੇ ਹਜ਼ੂਰ ਮੇਰੇ ਉੱਪਰ ਵੀ ਕਿਰਪਾ ਕਰੋ ਕਿਉਂਕਿ ਤੁਹਾਡੀ ਕਿਰਪਾ ਤੋਂ ਬਗੈਰ ਮੇਰਾ ਕੌਡੀ ਮੁੱਲ ਨਹੀਂ ਹੈ।

**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥**

ਸੱਚੇ ਪਾਤਿਸ਼ਾਹੋ! ਮੈਂ ਕਿਹੜਾ ਵੇਸ ਬਣਾਵਾਂ, ਕੀ ਪੇਸ਼ ਕਰਾਂ, ਤੁਸੀਂ ਕਿਸ ਕੀਮਤ 'ਤੇ ਖੁਸ਼ ਹੁੰਦੇ ਹੋ। ਤੁਸੀਂ ਹੀ ਮੇਰੇ ਢੋਲਾ, ਮਾਹੀ ਅਤੇ ਪ੍ਰੀਤਮ ਹੋ। ਮੈਨੂੰ ਦੱਸੋ ਤਾਂ ਕਿ ਮੈਂ ਆਪਣੇ ਆਪ ਨੂੰ ਉਸ ਤਰ੍ਹਾਂ ਦਾ ਬਣਾਵਾਂ।

**ਦੂਰਿ ਨ ਜਾਨਾ ਅੰਤਰਿ ਮਾਨਾ**

**ਹਰਿ ਕਾ ਮਹਲੁ ਪਛਾਨਾ ॥**

ਹਜ਼ੂਰ ਮੇਰੇ ਉੱਪਰ ਬਖ਼ਸ਼ਿਸ਼ ਕਰੋ ਕਿ ਮੈਂ ਕਦੇ ਵੀ ਤੁਹਾਨੂੰ ਆਪਣੇ ਆਪ ਤੋਂ ਦੂਰ ਨਾ ਸਮਝਾਂ। ਸੰਤਾਂ ਨੇ ਫੁਰਮਾਇਆ ਹੈ ਕਿ

*ਦੂਰ ਨ ਜਾਣਹੁ ਸਤਿਗੁਰ ਪਾਸ ॥*
*ਨਿਸਦਿਨ ਚਰਨ ਕਰਉ ਵਿਸਵਾਸ ॥*

ਹਜ਼ੂਰ ਮੇਰਾ ਵਿਸ਼ਵਾਸ ਦ੍ਰਿੜ ਹੋਵੇ, ਮੈਨੂੰ ਯਕੀਨ ਆਵੇ। ਮੈਂ ਕਦੇ ਵੀ ਤੁਹਾਨੂੰ ਆਪਣੇ ਆਪ ਤੋਂ ਵੱਖਰੇ ਨਾ ਸਮਝਾਂ।

ਇੰਗਲਿਸ਼ ਦਾ ਇੱਕ ਮੁਹਾਵਰਾ ਹੈ ਜੋ ਕਈ ਬੱਚਿਆਂ ਨੇ ਆਪਣੇ ਘਰਾਂ ਵਿੱਚ ਵੀ ਲਿਖ ਕੇ ਲਗਾਇਆ ਹੋਇਆ ਹੈ ਕਿ ਕੋਈ ਇਨਸਾਨ ਤੁਰਿਆ ਜਾ ਰਿਹਾ ਸੀ। ਉਸ ਨੇ ਦੇਖਿਆ ਕਿ ਉਸ ਦੇ ਪਿੱਛੇ ਪੈਰਾਂ ਦੇ ਦੋ ਨਿਸ਼ਾਨ ਹੋਰ ਲੱਗਦੇ ਆ ਰਹੇ ਸਨ। ਉਸ ਨੇ ਫਰਿਆਦ ਕੀਤੀ ਕਿ ਹਜ਼ੂਰ ਇਹ ਦੂਸਰੇ ਕਿਸ ਦੇ ਪੈਰਾਂ ਦੇ ਨਿਸ਼ਾਨ ਹਨ? ਅਵਾਜ਼ ਆਈ ਕਿ ਪੁੱਤਰ! ਅਸੀਂ ਤੇਰੇ ਅੰਗ ਸੰਗ ਹਾਂ, ਤੇਰੇ ਨਾਲ ਤੁਰੇ ਆ ਰਹੇ ਹਾਂ। ਇਹ ਦੂਸਰੇ ਪੈਰਾਂ ਦੇ ਨਿਸ਼ਾਨ ਸਾਡੇ ਹਨ। ਕੁਝ ਸਮਾਂ ਬੀਤਿਆ ਤਦ ਗਰਮੀ, ਤਪਸ਼ ਜ਼ਿਆਦਾ ਹੋ ਗਈ ਅਤੇ ਇੱਕ ਪੈਰਾਂ ਦੇ ਨਿਸ਼ਾਨ ਗਾਇਬ ਹੋ

ਗਏ। ਉਸ ਜੀਵ ਨੇ ਫਰਿਆਦ ਕੀਤੀ ਕਿ

*ਤੂੰ ਤਾਂ ਕਹਿੰਦਾ ਸੀ ਰਹਾਂਗਾ ਨਾਲ ਤੇਰੇ,*
*ਸਮੇਂ ਆਣ ਪਹੁੰਚੇ ਮਿਹਰਬਾਨੀਆਂ ਦੇ।*

ਹਜ਼ੂਰ ਤੁਸੀਂ ਮੇਰੇ ਨਾਲ ਸੀ ਹੁਣ ਕਿੱਥੇ ਚਲੇ ਗਏ ਹੋ। ਕਿਉਂਕਿ ਪੈਰਾਂ ਦੇ ਨਿਸ਼ਾਨ ਇੱਕ ਜਣੇ ਦੇ ਹੀ ਰਹਿ ਗਏ ਹਨ। ਅਵਾਜ ਆਈ ਪੁੱਤਰ! ਹੁਣ ਗਰਮੀ ਬਹੁਤ ਸੀ ਇਹ ਪੈਰਾਂ ਦੇ ਨਿਸ਼ਾਨ ਸਾਡੇ ਹਨ। ਤੈਨੂੰ ਤਾਂ ਅਸੀਂ ਬੁੱਕਲ ਵਿੱਚ ਚੁੱਕਿਆ ਹੋਇਆ ਹੈ। ਸੋਈ ਕਈ ਵਾਰ ਹਜ਼ੂਰ ਸ਼ਬਦ ਸਰੂਪ ਹੋ ਕੇ ਸਾਡੀ ਰੱਖਿਆ ਕਰਦੇ ਹਨ ਪਰ ਅਸੀਂ ਉਹਨਾਂ ਨੂੰ ਦੇਖ ਨਹੀਂ ਪਾ ਰਹੇ ਹੁੰਦੇ।

*ਬੁਲ੍ਹਿਆ! ਸ਼ਹੁ ਤੈਥੋਂ ਵੱਖ ਨਹੀਂ।*
*ਤੇਰੀ ਵੇਖਣ ਵਾਲੀ ਅੱਖ ਨਹੀਂ।*

ਹਜ਼ੂਰ ਮੇਰੇ ਉੱਪਰ ਕਿਰਪਾ ਕਰੋ, ਮੈਂ ਤੁਹਾਨੂੰ ਚੌਵੀ ਘੰਟੇ ਆਪਣੇ ਅੰਗ-ਸੰਗ ਸਮਝਾਂ।

**ਨਾਨਕ ਵੈਸਾਖੀਂ ਪ੍ਰਭੁ ਪਾਵੈ**
**ਸੁਰਤਿ ਸਬਦਿ ਮਨੁ ਮਾਨਾ ॥੬ ॥**

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ

*ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਅੰਗ 943)*

ਰਿਸ਼ੀਆਂ, ਮੁਨੀਆਂ ਅਤੇ ਸਿੱਧਾਂ ਨੇ ਪੁੱਛਿਆ ਕਿ ਤੁਹਾਡੇ ਗੁਰੂ ਕੌਣ ਹਨ ਅਤੇ ਤੁਸੀਂ ਕਿਸ ਦੇ ਚੇਲੇ ਹੋ। ਉਹਨਾਂ ਨੇ ਉੱਤਰ ਦਿੱਤਾ ਅਸੀਂ ਸੁਰਤ ਰੂਪੀ ਜੀਵ ਹਾਂ ਅਤੇ ਸ਼ਬਦ ਰੂਪੀ ਬਾਣੀ ਸਾਡੀ ਗੁਰੂ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਵੀ ਪ੍ਰਾਣੀ ਸੁਰਤ ਸ਼ਬਦ ਦੇ ਮਾਰਗ ਉੱਪਰ ਚੱਲ ਕੇ ਸਿਮਰਨ ਕਰੇਗਾ ਉਹੋ ਹੀ ਮਾਲਿਕ ਦੀ ਪ੍ਰਾਪਤੀ ਕਰ ਸਕੇਗਾ। ਇਹ ਮਹੀਨਾ ਭਾਗਾਂ ਵਾਲਾ ਹੈ। ਉਹਨਾਂ ਉੱਪਰ ਬਖ਼ਸ਼ਿਸ਼ ਹੁੰਦੀ ਹੈ ਜੋ ਸੁਰਤ ਅਤੇ ਸ਼ਬਦ ਦੇ ਮਾਰਗ ਉੱਪਰ ਚੱਲ ਕੇ ਸਿਮਰਨ ਕਰਦੇ ਹਨ।

ਸੋਈ ਵੈਸਾਖ ਦਾ ਮਹੀਨਾ ਬੁੱਧਵਾਰ ਦਾ ਦਿਨ ਹਜ਼ੂਰ ਖ਼ੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ ਬਖ਼ਸ਼ ਕੇ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ (ਅੰਗ 133)**
**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਫ਼ੁਰਮਾਨ ਕਰ ਰਹੇ ਹਨ ਕਿ ਸਾਡਾ ਪੰਜਾਬ ਖੇਤੀ ਪ੍ਰਧਾਨ ਦੇਸ਼ ਹੈ। ਪਰ ਇਸ ਮਹੀਨੇ ਵਿੱਚ ਉਹੋ ਹੀ ਖੇਤੀ ਵੱਢੇਗਾ ਜਿਸ ਨੇ ਬੀਜੀ ਹੋਵੇਗੀ। ਜਿਸ ਨੇ ਬੀਜ ਕੇ, ਉਸ ਦੀ ਪਾਲਣਾ ਕੀਤੀ ਹੋਵੇਗੀ, ਪਾਣੀ ਲਾਇਆ ਹੋਵੇਗਾ, ਖਾਦ ਪਾਈ ਹੋਵੇਗੀ, ਗੋਡੀ ਕੀਤੀ ਹੋਵੇਗੀ। ਪਰ ਜਿਸ ਨੇ ਖੇਤੀ ਬੀਜੀ ਹੀ ਨਹੀਂ ਹੈ ਉਸ ਨੇ ਕੀ ਵੱਢਣਾ ਹੈ। ਇਸ ਮਹੀਨੇ ਵਿੱਚ ਲੋਕ ਢੋਲ ਨਗਾਰੇ ਵਜਾ ਕੇ, ਸ੍ਰੀ ਹਰਿਮੰਦਰ ਸਾਹਿਬ ਜੀ ਜਾਂ ਕਿਸੇ ਵੀ ਗੁਰੂ ਘਰ ਜਾ ਕੇ ਇਸ਼ਨਾਨ ਕਰਕੇ ਫਰਿਆਦ ਕਰਦੇ ਸੀ ਕਿ ਹਜ਼ੂਰ ਸਾਡੀ ਕਮਾਈ ਵਿੱਚ ਬਰਕਤ ਪਾਇਉ, ਵਾਧਾ ਪਾਇਉ। ਫੇਰ ਫਸਲ ਦੀ ਕਟਾਈ ਸ਼ੁਰੂ ਕਰਦੇ ਸੀ। ਪਰ ਫਰਿਆਦ ਇਸ ਲਈ ਕਰਦੇ ਸੀ ਕਿਉਂਕਿ ਹਨੇਰੀਆਂ ਨਾਲ ਖਲਵਾੜੇ ਹੀ ਉੱਡ ਜਾਂਦੇ ਹੁੰਦੇ ਸੀ। ਬਾਰਿਸ਼ ਪੈ ਕੇ ਗਾਹੀ ਹੋਈ ਫਸਲ ਖਰਾਬ ਹੋ ਜਾਂਦੀ ਸੀ। ਤੂੜੀ ਉੱਡ ਜਾਂਦੀ ਸੀ। ਅਸੀਂ ਦੇਖਿਆ 1952 ਵਿੱਚ ਹੜ੍ਹ ਆਏ ਅਤੇ ਲੋਕਾਂ ਦੀਆਂ ਫਲ੍ਹਿਆ ਨਾਲ ਗਾਹੀਆਂ ਫਸਲਾਂ ਵੀ ਰੁੜ ਗਈਆਂ ਸਨ। ਅਰਦਾਸਾਂ ਕਰੀਦੀਆਂ ਸੀ ਕਿ ਹਜ਼ੂਰ ਸੁਖ ਸੁਖਾਂ ਨਾਲ ਫਸਲ ਘਰ ਆਵੇ। ਕਿਉਂਕਿ ਸਾਡੇ ਹਜ਼ੂਰ ਵੀ ਫ਼ੁਰਮਾਇਆ ਕਰਦੇ ਸਨ ਕਿ

*ਲੱਗੀ ਖੇਤੀ ਦੇਖ ਕੇ ਗਰਬ ਗਿਆ ਕਿਰਸਾਨ।*
*ਝੱਖੜ, ਮੀਂਹ, ਹਨੇਰੀਆਂ ਘਰ ਆਵੇ ਤਾਂ ਜਾਣ।*

ਪਰ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਵਾਢੀ ਉਹੋ ਕਰੇਗਾ ਜਿਸ ਨੇ ਖੇਤੀ ਬੀਜੀ ਹੋਵੇਗੀ। ਅਸੀਂ ਦੇਖਿਆ ਹੈ ਕਿ ਸਾਡੇ ਪੰਜਾਬ ਵਿੱਚ ਕਿਸੇ ਦੇ ਵੱਡੇ ਕਾਰਖਾਨੇ ਹੋਣ, ਸ਼ੋ-ਰੂਮ ਹੋਣ, ਬਿਲਡਿੰਗਾਂ ਹੋਣ, ਚਾਹੇ ਬਹੁਤ ਆਮਦਨ ਆਉਂਦੀ ਹੋਵੇ ਪਰ ਸਾਡੀਆਂ ਘਰਵਾਲੀਆਂ, ਭੈਣਾਂ, ਚਾਚੀਆਂ, ਤਾਈਆਂ ਜਾਂ ਨੂੰਹਾਂ ਜਦੋਂ ਕਿਸੇ ਰਿਸ਼ਤੇਦਾਰ ਨੂੰ ਮਿਲਣਗੀਆਂ ਉਦੋਂ ਇਹ ਵੀ ਪੁੱਛਣਗੀਆਂ ਭੈਣ! ਕਣਕ ਵੱਢ ਲਈ ਹੈ? ਅਗਰ ਉਹ ਕਹਿ ਦੇਣ ਕਿ ਅਸੀਂ ਕਣਕ ਨਹੀਂ ਬੀਜਦੇ ਸਾਡੇ ਵੱਡੇ-ਵੱਡੇ ਕਾਰਖਾਨੇ ਹਨ, ਅਸੀਂ ਕਰੋੜਾਂ ਰੁਪਈਆਂ ਕਮਾਉਂਦੇ ਹਾਂ। ਉਹ ਕਹਿੰਦੀਆਂ ਹਨ ਜਾ ਓਇ! ਇਹ ਕਾਹਦੇ ਜੱਟ ਹਨ ਜਿਹੜੇ ਕਣਕ ਨਹੀਂ ਬੀਜਦੇ। ਸੋਈ ਸਾਡੇ ਸਮਾਜ ਵਿੱਚ ਜਿਸ ਕੋਲ ਖੇਤ ਨਹੀਂ, ਫਸਲ ਨਹੀਂ ਉਸ ਨੂੰ ਕਿਸੇ ਗਿਣਤੀ ਵਿੱਚ ਨਹੀਂ ਰੱਖਦੇ। ਗੁਰਬਾਣੀ ਦੀ ਜਦੋਂ ਰਚਨਾ ਹੋਈ ਸੀ ਉਦੋਂ ਸਾਡੇ ਕਮਾਈ ਦੇ ਕੋਈ ਹੋਰ ਸਾਧਨ ਨਹੀਂ ਸਨ। ਕੇਵਲ ਖੇਤੀ ਹੀ ਕਮਾਈ ਦਾ ਸਾਧਨ ਸੀ। ਉਦੋਂ ਕਿਹਾ ਜਾਂਦਾ ਸੀ ਕਿ

*ਉੱਤਮ ਖੇਤੀ ਮੱਧਮ ਵਪਾਰ।*
*ਨਖਿੱਧ ਚਾਕਰੀ ਭੀਖ ਦੁਆਰ।*

ਅੱਜ ਵੀ ਹਿੰਦੁਸਤਾਨ ਦੀ 70% ਅਬਾਦੀ ਖੇਤੀ ਉੱਪਰ ਨਿਰਭਰ ਕਰਦੀ ਹੈ। ਮਾਲਿਕ ਦੀ ਕਿਰਪਾ ਸਦਕਾ ਅਗਰ ਅਸੀਂ

ਖੇਤੀ ਬੀਜੀ ਹੋਵੇਗੀ ਫੇਰ ਹੀ ਵੱਢਾਂਗੇ। ਇਸ ਤਰ੍ਹਾਂ ਅਗਰ ਅਸੀਂ ਸਿਮਰਨ ਕੀਤਾ ਹੋਵੇਗਾ ਫੇਰ ਹੀ ਮਾਲਿਕ ਦੀਆਂ ਖੁਸ਼ੀਆਂ ਪ੍ਰਾਪਤ ਕਰਾਂਗੇ।

**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥**

ਪਰ ਆਪਾਂ ਨੇ ਉਸ ਸੱਜਣ ਤਾਕਤ ਨੂੰ ਵਿਸਾਰ ਦਿੱਤਾ ਹੈ ਅਤੇ ਮਾਇਆ ਪਿੱਛੇ ਭੱਜੇ ਫਿਰਦੇ ਹਾਂ।

*ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ॥*

*ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ॥੧੮॥*

*(ਅੰਗ 1426)*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਸੀਂ ਪੈਸੇ ਨੂੰ ਮੁੱਖ ਰੱਖਿਆ ਹੈ। ਸਾਡੇ ਲਈ ਭੈਣ, ਭਰਾ, ਰਿਸ਼ਤੇਦਾਰੀ ਦਾ ਕੋਈ ਅਰਥ ਨਹੀਂ ਹੈ। ਜਿੱਥੇ ਪੈਸਾ ਹੈ ਉੱਥੇ ਸਭ ਕੁਝ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਸੀਂ ਸੱਜਣ ਤਾਕਤ ਨੂੰ ਵਿਸਾਰ ਕੇ ਮਾਇਆ ਪਿੱਛੇ ਭੱਜੇ ਫਿਰਦੇ ਹਾਂ।

ਵੇਦਾਂ ਸ਼ਾਸਤਰਾਂ ਵਿੱਚ ਦਰਜ ਹੈ ਕਿ

*ਪੂਤ ਕਪੂਤ ਧਨ ਕਾਹੇ ਕੋ ਸੰਚੀਐ॥*

ਪੁੱਤ ਹੋਵੇ ਜਾਂ ਕਪੁੱਤ ਹੋਵੇ, ਧਨ ਕਾਹਦੇ ਲਈ ਇਕੱਠਾ ਕਰਨਾ ਹੈ? ਆਪਾਂ ਕਰਦੇ ਵੀ ਹਾਂ। ਹਰ ਕੋਈ ਚਾਹੁੰਦਾ ਹੈ ਕਿ ਆਪਣੇ ਬੱਚਿਆਂ ਲਈ ਸਭ ਕੁਝ ਕਰਾਂ। ਜਦੋਂ ਬੱਚਾ ਪੈਦਾ ਹੁੰਦਾ ਹੈ ਘਰ ਦੀਆਂ ਕੰਧਾਂ ਕੰਬਦੀਆਂ ਹਨ। ਕਿਉਂਕਿ ਜੇਕਰ ਪੁੱਤਰ ਲਾਇਕ ਹੋਇਆ ਇਸ ਨੇ ਢਾਹ ਕੇ ਹੋਰ ਵਧੀਆ ਬਣਾ ਦੇਣੀਆਂ ਹਨ। ਅਗਰ ਪੁੱਤਰ ਨਲਾਇਕ ਹੋਇਆ ਤਦ ਉਸ ਨੇ ਮੁਰੰਮਤ ਨਹੀਂ ਕਰਨੀ ਅਤੇ ਕੰਧਾਂ ਨੇ ਤਦ ਵੀ ਢਹਿ ਜਾਣਾ ਹੈ। ਅਗਰ ਲਾਇਕ ਹੋਇਆ ਤਦ ਵੀ ਢਹਿ ਜਾਣਾ ਹੈ। ਇਸ ਕਰਕੇ ਪੁੱਤਰ ਦੇ ਜਨਮ ਤੇ ਕੰਧਾਂ ਕੰਬਦੀਆਂ ਹਨ। ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਫ਼ੁਰਮਾਇਆ ਹੈ ਕਿ

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥*

*ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥*

*(ਅੰਗ 1429)*

ਜੋ ਵੀ ਧੀਆਂ ਪੁੱਤਰ ਹਨ ਇਹ ਨਾਲ ਨਹੀਂ ਜਾਂਦੇ।

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥*

*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥(ਅੰਗ 729)*

ਪਰਿਵਾਰਿਕ ਤੌਰ ਤੇ ਅਸੀਂ ਨੌਕਰੀਆਂ, ਖੇਤੀ ਵਪਾਰ ਸਭ ਕੁਝ ਕਰਦੇ ਹਾਂ। ਪਰ ਹਜ਼ੂਰ ਨੇ ਸੋਝੀ ਬਖਸ਼ੀ ਹੈ ਤਾਂ ਹੀ ਇਹ ਸੰਸਥਾ ਐਨੀ ਵੱਡੀ ਬਣਦੀ ਜਾ ਰਹੀ ਹੈ। ਨਾ ਅਸੀਂ ਰਹਿਣਾ ਹੈ ਅਤੇ ਨਾ ਹੀ ਤੁਸੀਂ ਬੈਠੇ ਰਹਿਣਾ ਹੈ। ਪਰ ਇਤਿਹਾਸ ਗਵਾਹ ਹੋਵੇਗਾ ਕਿ ਐਨੇ ਥੋੜ੍ਹੇ ਸਮੇਂ ਵਿੱਚ ਐਨੀ ਵੱਡੀ ਕੋਈ ਸੰਸਥਾ ਨਹੀਂ ਬਣੀ ਅਤੇ ਕਰੋੜਾਂ ਅਰਬਾਂ ਦੀ ਜਾਇਦਾਦ ਵੀ ਬਣ ਗਈ ਹੈ। ਜੇਕਰ ਧਨ ਵੱਲ ਜਾਈਏ ਤਾਂ ਅਸੀਂ ਇਸੇ ਆਸੇ ਨੂੰ ਮੁੱਖ ਰੱਖ ਕੇ ਆਪਣੇ ਟਰੱਸਟ ਵਿੱਚ ਇਕ ਮੱਦ ਪਾ ਦਿੱਤੀ ਹੈ। ਸਾਡੀ ਸੰਸਥਾ ਦੇ ਸੈਕਟਰੀ ਜਦੋਂ ਬਾਹਰ ਜਾਂਦੇ ਹਨ ਤਦ ਵੱਡੇ-ਵੱਡੇ ਅਫਸਰ, ਹਾਕਮ ਮਨਿਸਟਰ ਡੀ.ਸੀ. ਸਭ ਪੁੱਛਦੇ ਹਨ ਕਿ ਇਹ ਸੰਸਥਾ ਐਨਾ ਖਰਚਾ ਕਿੱਥੋਂ ਕਰ ਰਹੀ ਹੈ? ਚੈਰਿਟੀ ਦੇ ਨਾਲ ਕੁਆਲਿਟੀ ਅਰਥਾਤ ਵਧੀਆ ਚੀਜ਼ਾਂ ਕਿਵੇਂ ਬਣਦੀਆਂ ਜਾ ਰਹੀਆਂ ਹਨ? ਉਸ ਦਾ ਇੱਕੋ ਕਾਰਨ ਹੈ ਕਿ ਹਿੰਦੁਸਤਾਨ ਵਿੱਚ ਕੇਵਲ ਇਹੋ ਹੀ ਇੱਕ ਅਜਿਹਾ ਟ੍ਰਸਟ ਹੈ ਜਿਸ ਵਿੱਚ ਕਿਸੇ ਫਾਉਂਡਰ ਨੇ ਲਿਖ ਦਿੱਤਾ ਹੋਵੇ ਕਿ ਮੇਰੇ ਮਰਨ ਤੋਂ ਬਾਅਦ ਮੇਰਾ ਕੋਈ ਖੂਨ ਦਾ ਰਿਸ਼ਤਾ, ਕੋਈ ਪੁੱਤਰ, ਪੋਤਰਾ, ਦੋਹਤਰਾ, ਕੋਈ ਨਜ਼ਦੀਕੀ ਰਿਸ਼ਤੇਦਾਰ, ਭੈਣ, ਭਰਾ ਜਾਂ ਕੋਈ ਇਹ ਕਹੇ ਕਿ ਬਾਬਾ ਜੀ ਮੈਨੂੰ ਗੱਦੀ ਦੇ ਗਏ ਹਨ ਇਸ ਦਾ ਕੋਈ ਹੱਕਦਾਰ ਨਹੀਂ ਹੋਵੇਗਾ। ਇਹ ਸੰਸਥਾ ਕੇਵਲ ਲੋਕਾਂ ਦੀ ਹੋਵੇਗੀ। ਇਸ ਦਾ ਕੰਮ ਟਰੱਸਟ ਚਲਾਏਗਾ ਅਤੇ ਲੋਕਾਂ ਦੀ ਸੇਵਾ ਕਰੇਗਾ।

1992 ਵਿੱਚ ਹਜ਼ੂਰ ਨੇ ਸਾਨੂੰ ਸਿਮਰਨ ਤੇ ਬੈਠਿਆਂ ਨੂੰ ਫ਼ੁਰਮਾਨ ਕੀਤਾ ਕਿ ਆਉਣ ਵਾਲਾ ਸਮਾਂ ਐਸਾ ਹੋਣਾ ਹੈ ਕਿ ਲੋਕਾਂ ਨੇ ਬਾਬਿਆਂ ਤੋਂ ਅਤੇ ਡੇਰਿਆਂ ਤੋਂ ਘਿਰਣਾ ਕਰਨੀ ਹੈ। ਸਰਕਾਰ ਦੇ ਕਾਗਜ਼ਾਂ ਵਿੱਚ ਰਿਕਾਰਡ ਹੈ ਕਿ 1992 ਵਿੱਚ ਰੈਜ਼ੂਲੇਸ਼ਨ ਪਾ ਕੇ ਭੇਜਿਆ ਕਿ ਸਾਨੂੰ ਆਉਣ ਵਾਲਾ ਸਮਾਂ ਦਿਸ ਰਿਹਾ ਹੈ ਕਿ ਲੋਕਾਂ ਨੇ ਡੇਰਿਆਂ ਤੋਂ ਅਤੇ ਬਾਬਿਆਂ ਤੋਂ ਘਿਰਣਾ ਕਰਨੀ ਹੈ। ਇਸ ਕਰਕੇ ਅਸੀਂ ਇਸ ਡੇਰੇ ਨੂੰ ਖਤਮ ਕਰਕੇ, ਭੰਗ ਕਰਕੇ ਜਨ ਸੇਵਾ ਕੇਂਦਰ ਬਣਾ ਰਹੇ ਹਾਂ। ਉਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਉਦੇਸ਼ ਰੱਖਿਆ ਕਿ

*ਜੋ ਜਨ ਧਿਆਵਹਿ ਹਰਿ ਹਰਿ ਨਾਮਾ॥*

*ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥*

*ਜਨ ਦੀ ਸੇਵਾ ਊਤਮ ਕਾਮਾ॥੨॥(ਅੰਗ 164)*

ਇਨਸਾਨ ਦੀ ਸੇਵਾ ਤੋਂ ਵੱਡੀ ਅਤੇ ਦੁਨੀਆਂ ਵਿੱਚ ਉੱਤਮ ਕੋਈ ਹੋਰ ਸੇਵਾ ਨਹੀਂ ਹੈ। ਅਗਰ ਅਸੀਂ ਆਪਣੇ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦੇ, ਤਦ ਸਾਨੂੰ ਸਟੇਜਾਂ ਉੱਪਰ ਭਾਸ਼ਨ ਦੇਣ ਦਾ ਕੋਈ ਹੱਕ ਨਹੀਂ ਹੈ। ਗੁਰਦੁਆਰਿਆਂ, ਮੰਦਰਾਂ, ਚਰਚਾਂ, ਮਸਜਿਦਾਂ, ਠਾਕੁਰ ਦੁਆਰਿਆਂ ਵਿੱਚ ਜਾਣ ਦਾ ਕੋਈ ਹੱਕ ਨਹੀਂ ਹੈ। ਉਹ ਬਜ਼ੁਰਗ ਜੋ ਸਾਨੂੰ ਮੋਢਿਆਂ ਉੱਪਰ ਚੁੱਕ-ਚੁੱਕ ਕੇ ਖਿਡਾਉਂਦੇ ਰਹੇ ਜਦੋਂ ਉਹ ਬਿਰਧ ਹੋ ਜਾਂਦੇ ਹਨ। ਉਹਨਾਂ ਦੇ ਮੌਢੇ ਝੁਕ ਜਾਂਦੇ ਹਨ, ਅਸੀਂ ਉਹਨਾਂ ਦੀ ਸੇਵਾ ਨਹੀਂ ਕਰਦੇ। ਇਸ ਕਰਕੇ ਗੁਰਬਾਣੀ ਮੁਤਾਬਿਕ ਅਸੀਂ ਇਨਸਾਨ ਨਹੀਂ ਹਾਂ।

ਸਾਡੇ ਵੀ ਮਾਤਾ ਜੀ ਹਨ। ਸਾਡਾ ਭਰਾ ਅੱਜ ਸੰਗਤ ਵਿੱਚ ਹਾਜ਼ਰ ਹੈ। ਇਹ ਬਹੁਤ ਉੱਚੇ ਭਾਗਾਂ ਵਾਲਾ ਹੈ। ਇਹ ਸਾਡੀ ਮਾਤਾ ਦੀ ਸੇਵਾ ਕਰ ਰਿਹਾ ਹੈ। ਅਸੀਂ ਇੱਥੇ ਬੈਠੇ ਬਾਬਾ ਅਖਵਾਉਂਦੇ ਹਾਂ। ਤੁਸੀਂ ਸਾਨੂੰ ਸਤਿਕਾਰ ਦਿੰਦੇ ਹੋ। ਜਦੋਂ ਸਾਨੂੰ

ਮੌਕਾ ਮਿਲਦਾ ਹੈ ਅਸੀਂ ਵੀ ਜਾ ਕੇ ਆਪਣੀ ਮਾਂ ਦੇ ਚਰਨਾਂ ਨੂੰ ਹੱਥ ਲਾਉਂਦੇ ਹਾਂ, ਮੱਥਾ ਟੇਕਦੇ ਹਾਂ। ਜੋ ਸੇਵਾ ਬਣਦੀ ਹੈ, ਕਰਦੇ ਹਾਂ। ਪਰ ਬਜ਼ੁਰਗਾਂ ਦੇ ਮਨ ਵਿੱਚ ਸੰਤੋ ਬੰਤੋ ਦਾ ਮੋਹ ਆ ਜਾਂਦਾ ਹੈ। ਅਸੀਂ ਉਹਨਾਂ ਦੀਆਂ ਮਿੰਨਤਾਂ ਕਰਦੇ ਹਾਂ ਕਿ ਸਾਡੇ ਕੋਲ ਆ ਕੇ ਰਹੋ। ਪਰ ਉਹ ਕਹਿੰਦੇ ਹਨ ਨਹੀਂ ਪੁੱਤਰ! ਮੈਂ ਪਿੰਡ ਹੀ ਰਹਿਣਾ ਹੈ। ਤੂੰ ਅੱਗੇ ਆਪਣੇ ਬਾਪੂ ਜੀ ਦਾ ਅੰਤਿਮ ਸੰਸਕਾਰ ਜਲੰਧਰ ਕਰ ਦਿੱਤਾ ਸੀ। ਪਰ ਮੈਂ ਪਿੰਡ ਹੀ ਰਹਿਣਾ ਹੈ। ਸਾਡੇ ਬਜ਼ੁਰਗਾਂ ਦਾ ਮਿੱਟੀ ਨਾਲ ਮੋਹ ਹੁੰਦਾ ਹੈ। ਹਰ ਇੱਕ ਦਾ ਮੋਹ ਮਿੱਟੀ ਨਾਲ ਹੋਣਾ ਵੀ ਚਾਹੀਦਾ ਹੈ। ਅਸੀਂ ਸਾਰੀ ਸੰਗਤ ਨੂੰ ਕਹਿੰਦੇ ਹਾਂ ਕਿ

**ਅਗਰ ਤੁਸੀਂ ਰੱਬ ਨੂੰ ਪਾਉਣਾ ਹੈ**
**ਤਾਂ ਮਾਤਾ ਪਿਤਾ ਦੀ ਸੇਵਾ ਕਰੋ।**
**ਅਗਰ ਰੱਬ ਨੂੰ ਦੇਖਣਾ ਹੈ**
**ਤਾਂ ਮਾਂ ਦੇ ਚਰਨਾਂ ਵਿੱਚ ਦੇਖੋ,**
ਮਾਤਾ ਪਿਤਾ ਦੀ ਸੇਵਾ ਕਰਕੇ ਦੇਖੋ।

ਇਹ ਠੀਕ ਹੈ ਕਿਸੇ ਦੇ ਮਾਤਾ-ਪਿਤਾ ਸਖਤੀ ਕਰਦੇ ਹੋਣਗੇ। ਅਸੀਂ ਤੁਹਾਨੂੰ ਦੱਸਦੇ ਹਾਂ ਕਿ ਸਾਡੇ ਬਾਪੂ ਜੀ ਮਾਨਸਿਕ ਤੌਰ 'ਤੇ ਬਿਮਾਰ ਹੋ ਗਏ ਸਨ। ਉਹਨਾਂ ਨੂੰ ਅੰਮ੍ਰਿਤਸਰ ਪਾਗਲਖਾਨੇ ਵੀ ਲਿਜਾਣਾ ਪਿਆ ਸੀ। ਉਹਨਾਂ ਨੂੰ ਇਲੈਕਟ੍ਰਿਕ ਸ਼ਾਕ ਵੀ ਲੱਗੇ ਸਨ। ਸਾਡੇ ਬਾਪੂ ਜੀ ਇੱਕ ਦਿਨ ਜਲੰਧਰ ਆਏ। ਬੱਸ ਸਟੈਂਡ ਤੋਂ ਫਾਟਕ ਵੱਲ ਨੂੰ ਆਉਂਦਿਆਂ ਜਲੇਬੀਆਂ ਦੀ ਦੁਕਾਨ ਹੈ। ਉੱਥੇ ਆ ਕੇ ਉਹਨਾਂ ਨੇ ਵਧੀਆ ਕੱਪੜੇ ਉਤਾਰ ਕੇ ਆਪਣੇ ਛੋਟੇ ਜਿਹੇ ਬਰੀਫ਼ ਕੇਸ ਵਿੱਚ ਰੱਖ ਲਏ ਅਤੇ ਫਟੇ ਕੱਪੜੇ ਪਾ ਕੇ ਲੋਕਾਂ ਨੂੰ ਕਹਿਣ ਲੱਗ ਪਏ, ਓਇ ਲੋਕੋ! ਦੇਖੋ, ਮੇਰਾ ਪੁੱਤਰ ਐੱਸ.ਐੱਚ.ਓ. ਲੱਗਾ ਹੋਇਆ ਹੈ। ਅਫਸਰ ਲੱਗਾ ਹੋਇਆ ਹੈ। ਮੈਨੂੰ ਪਾਉਣ ਲਈ ਕੱਪੜੇ ਵੀ ਨਹੀਂ ਦਿੰਦਾ। ਇਹ ਲੋਕਾਂ ਨੂੰ ਲੁੱਟ ਕੇ ਖਾ ਗਿਆ ਹੈ। ਇਸ ਦੀ ਇੰਨਕੁਆਰੀ ਕਰੋ। ਅਸੀਂ ਬਾਪੂ ਜੀ ਨੂੰ ਘਰ ਲੈ ਆਏ। ਅਸੀਂ ਲੋਕਾਂ ਨੂੰ ਕਿਹਾ ਪਿਉ ਤਾਂ ਮੇਰਾ ਹੀ ਹੈ ਅਤੇ ਮੈਨੂੰ ਹੀ ਕੁਝ ਕਹਿ ਰਿਹਾ ਹੈ। ਤੁਹਾਨੂੰ ਕੀ ਤਕਲੀਫ ਹੈ। ਸਾਡੇ ਉੱਪਰ ਦਰਖਾਸਤਾਂ ਲਿਖੀਆਂ, ਇੰਨਕੁਆਰੀਆਂ ਹੋਈਆਂ ਪਰ ਬਾਅਦ ਵਿੱਚ ਲੋਕਾਂ ਨੂੰ ਪਤਾ ਲੱਗਾ ਕਿ ਇਹ ਐਵੇਂ ਹੀ ਕਰਦੇ ਹਨ। ਫੇਰ ਸਾਡੇ ਬਾਪੂ ਜੀ ਬਿਮਾਰ ਹੋ ਗਏ। ਪਾਗਲਖਾਨੇ ਦਾਖਲ ਕਰਵਾਏ। ਸਾਡੇ ਮਾਤਾ ਜੀ ਲੜ ਪਏ ਕਿ ਤੁਸੀਂ ਪੁੱਤਰਾਂ ਨਾਲ ਇੰਝ ਕਿਉਂ ਕਰਦੇ ਹੋ। ਪਰ ਸਾਧ ਸੰਗਤ ਜੀ ਅਸੀਂ ਆਪਣੀ ਪਤਨੀ ਦੇ ਵੀ ਧੰਨਵਾਦੀ ਹਾਂ ਕਿ ਜਦੋਂ ਸਾਡੇ ਪਿਤਾ ਜੀ ਨੂੰ ਸ਼ਾਕ ਲਗਾਉਂਦੇ ਸੀ ਉਹਨਾਂ ਦਾ ਮਲ-ਮੂਤਰ ਵਿੱਚੇ ਨਿਕਲ ਜਾਂਦਾ ਸੀ। ਸਾਡੀ ਪਤਨੀ ਨੇ ਆਪਣੇ ਸਹੁਰੇ ਦੀ ਗੰਦਗੀ ਸਾਫ਼ ਕੀਤੀ। ਪਰ ਅੱਜਕੱਲ ਸਤਿਕਾਰ ਦੇਣਾ ਤਾਂ ਬਹੁਤ ਦੂਰ ਦੀ ਗੱਲ ਹੈ ਨੂੰਹਾਂ ਸਹੁਰੇ ਨੂੰ ਬੁਲਾ ਕੇ ਵੀ ਖੁਸ਼ ਨਹੀਂ ਹਨ। ਜੋ ਗੁਰਬਾਣੀ ਵਿੱਚ ਦਰਜ ਹੈ

*ਗੁਰਦੇਵ ਮਾਤਾ ਗੁਰਦੇਵ ਪਿਤਾ*
*ਗੁਰਦੇਵ ਸੁਆਮੀ ਪਰਮੇਸੁਰਾ॥ (ਅੰਗ 250)*

ਉਹ ਗੁਰੂ ਮਾਤਾ-ਪਿਤਾ ਵੀ ਹਨ। ਚਾਹੇ ਅਸੀਂ ਵਿਸ਼ੇ ਤੋਂ ਬਾਹਰ ਚਲੇ ਗਏ ਹਾਂ। ਪਰ ਅਸੀਂ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਮਾਲਿਕ ਦੀ ਦੁਹਾਈ ਹੈ। ਆਪਣੇ ਮਾਤਾ-ਪਿਤਾ ਦੀ ਸੇਵਾ ਕਰਿਆ ਕਰੋ। ਜਿਸ ਮਾਤਾ ਨੇ ਸਾਨੂੰ ਨੌਂ ਮਹੀਨੇ ਕੁੱਖ ਵਿੱਚ ਰੱਖ ਕੇ ਪਾਲਿਆ ਅਗਰ ਅਸੀਂ ਉਸ ਦਾ ਸਤਿਕਾਰ ਨਹੀਂ ਕਰ ਸਕਦੇ ਤਦ ਸਾਨੂੰ ਮਾਲਿਕ ਤੋਂ ਵੀ ਸਤਿਕਾਰ ਨਹੀਂ ਮਿਲਣਾ। ਇਹ ਠੀਕ ਹੈ ਕਿ

*ਮਾਂ ਕੁਚੱਜੀ ਧੀਆਂ ਪੁੱਤਾਂ ਕੱਜੀ।*

ਅਗਰ ਅਸੀਂ ਗੁਰਬਾਣੀ ਦੇ ਹਰ ਪੱਖ ਨੂੰ ਲੈ ਕੇ ਚੱਲਾਂਗੇ ਫੇਰ ਹੀ ਅਸੀਂ ਬਖ਼ਸ਼ਿਸ਼ ਪ੍ਰਾਪਤ ਕਰ ਸਕਾਂਗੇ। ਚਾਹੇ ਅਸੀਂ ਪਾਠ ਕਰ ਲਈਏ, ਭਾਸ਼ਣ ਦੇ ਲਈਏ, ਨਾਅਰੇ ਲਾ ਲਈਏ ਪਰ ਜੇ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦੇ ਤਦ ਵੀ ਅਸੀਂ ਕੋਈ ਖੁਸ਼ੀ ਨਹੀਂ ਲੈ ਸਕਦੇ। ਜਿੱਥੇ ਅਸੀਂ ਬੰਦਗੀ ਕਰਨੀ ਹੈ ਉੱਥੇ ਸਮਾਜਿਕ ਤੌਰ ਤੇ ਵੀ ਆਪਣੇ ਅਸੂਲ ਕਾਇਮ ਰੱਖਣੇ ਹਨ। ਘਰਵਾਲੀ ਨੂੰ ਘਰਵਾਲੀ ਦੀ ਜਗ੍ਹਾ ਰੱਖੋ, ਮਾਂ ਨੂੰ ਮਾਂ ਦੀ, ਪਿਤਾ ਨੂੰ ਪਿਤਾ ਦੀ, ਭਰਾ ਨੂੰ ਭਰਾ ਦੀ ਜਗ੍ਹਾ ਰੱਖੋ। ਸਮਾਜਿਕ ਤੌਰ ਤੇ ਸੋਚ ਬਦਲਣੀ ਚਾਹੀਦੀ ਹੈ। ਇਹ ਕਰਤਾਰੀ ਨਾਤੇ ਮਾਂ-ਪਿਉ ਅਤੇ ਮਾਂ ਪਿਉ ਜਾਏ ਦੋਬਾਰਾ ਨਹੀਂ ਮਿਲਦੇ ਹਨ। ਅੱਜ ਵੈਸਾਖ ਦੇ ਮਹੀਨੇ ਵਿੱਚ ਜਿਸ ਤਰ੍ਹਾਂ ਦਸਵੇਂ ਪਾਤਿਸ਼ਾਹ ਜੀ ਨੇ ਸਿੱਖੀ ਦੀ ਸਿਰਜਣਾ ਕੀਤੀ ਹੈ। ਇਸ ਤਰ੍ਹਾਂ ਮਾਤਾ-ਪਿਤਾ ਸਾਡੇ ਸਿਰਜਣਹਾਰ ਹਨ। ਇੱਕ ਗੋਬਿੰਦ ਤਾਕਤ ਹੈ ਜਿਸ ਨੇ ਦੁਨੀਆਂ ਦੀ ਰਚਨਾ ਕੀਤੀ ਹੈ। ਇੱਕ ਮਾਤਾ ਹੈ ਜਿਸ ਨੇ ਸਾਡੀ ਰਚਨਾ ਕੀਤੀ ਹੈ। ਹਰ ਲੜਕੀ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਮੈਂ ਆਪਣੇ ਸੱਸ ਸਹੁਰੇ ਨਾਲ ਇੰਝ ਕਰਦੀ ਹਾਂ। ਅਗਰ ਮੇਰੇ ਨੂੰਹ ਪੁੱਤਰ ਨੇ ਮੇਰੇ ਨਾਲ ਇੰਝ ਕੀਤਾ ਫੇਰ ਮੈਂ ਕੀ ਕਰਾਂਗੀ।

ਜਦੋਂ ਜੱਜ ਨੂੰ ਕੋਰਟ ਵਿੱਚ ਜਾਣ ਤੋਂ ਪਹਿਲਾਂ ਟ੍ਰੇਨਿੰਗ ਦਿੱਤੀ ਜਾਂਦੀ ਹੈ। ਅਸੀਂ ਚੰਡੀਗੜ੍ਹ ਸਰਵਿਸ ਕਰਦੇ ਸੀ। ਸਾਡੇ ਹਲਕੇ ਵਿੱਚ ਉਹ ਟ੍ਰੇਨਿੰਗ ਸੈਂਟਰ ਪੈਂਦਾ ਸੀ ਜਿੱਥੇ ਜੱਜਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਸੀ। ਉਹਨਾਂ ਨੂੰ ਕਿਹਾ ਜਾਂਦਾ ਸੀ ਕਿ ਤੁਸੀਂ ਆਪਣੀ ਕੁਰਸੀ ਤੋਂ ਉੱਠ ਕੇ ਮੁਜਰਿਮ ਵਾਲੀ ਥਾਂ ਉੱਪਰ ਆ ਕੇ ਖਲੋ ਜਾਉ। ਜਿਸਨੇ ਜੱਜ ਬਣਨਾ ਹੁੰਦਾ ਸੀ ਉਸ ਨੂੰ ਉੱਥੇ ਖੜ੍ਹਾ ਕਰਕੇ ਕਹਿਣਾ ਕਿ ਹੁਣ ਦੇਖ ਤੂੰ ਮੁਜਰਿਮ ਏਂ ਅਤੇ ਮੈਂ ਜੱਜ ਹਾਂ। ਅਗਰ ਮੈਂ ਤੇਰੇ ਖਿਲਾਫ਼ ਕੋਈ ਫੈਸਲਾ ਸੁਣਾਵਾਂ ਫੇਰ ਤੇਰੇ ਮਨ 'ਤੇ ਕੀ ਵਾਪਰੇਗੀ। ਇਸ ਕਰਕੇ ਜਦੋਂ ਤੂੰ ਫੈਸਲਾ ਸੁਣਾਉਣਾ ਹੈ ਇਹ ਖਿਆਲ ਰੱਖ ਲਵੀਂ ਕਿ ਜੋ ਜੀਵ ਕਟਹਿਰੇ ਵਿੱਚ ਖੜ੍ਹਾ ਹੈ ਉਸ ਨਾਲ ਨਜ਼ਾਇਜ ਨਾ ਹੋ ਜਾਵੇ। ਇਸ ਤਰ੍ਹਾਂ ਅਸੀਂ ਸੋਚੀਏ ਕਿ ਜੇ ਸਾਡੇ ਨੂੰਹਾਂ ਪੁੱਤਰਾਂ ਨੇ ਸਾਨੂੰ ਸਤਿਕਾਰ ਨਾ

ਦਿੱਤਾ ਫੇਰ ਸਾਡੇ ਦਿਲ ਤੇ ਕੀ ਵਾਪਰੇਗੀ। ਜੋ ਜੀਵ ਇਹ ਸੋਚ ਕੇ ਤੁਰਦਾ ਹੈ ਉਸ ਦੀ ਔਲਾਦ ਉਸ ਨੂੰ ਸਤਿਕਾਰ ਜ਼ਰੂਰ ਦੇਵੇਗੀ। ਹਜ਼ੂਰ ਕਿਰਪਾ ਕਰਨ ਜਿੱਥੇ ਅਸੀਂ ਗੁਰਬਾਣੀ ਵੱਲ ਤੁਰਦੇ ਹਾਂ, ਸਿੱਖੀ ਵੱਲ ਤੁਰਦੇ ਹਾਂ ਉੱਥੇ ਆਪਣੀਆਂ ਸਮਾਜਿਕ ਪ੍ਰੰਪਰਾਵਾਂ ਵੀ ਕਾਇਮ ਰੱਖੀਏ।

ਵਰਨਾ ਮਾਤਾ ਪਿਤਾ ਵੀ ਅਤੇ ਦੁਨੀਆਂ ਵੀ ਝੂਠੇ ਧੰਦਿਆਂ ਵਿੱਚ ਫਸ ਕੇ ਮਾਇਆ ਇਕੱਠੀ ਕਰਦੇ ਹਨ ਪਰ ਉਹ ਮਾਇਆ ਕਿਸੇ ਕੰਮ ਨਹੀਂ ਆਉਂਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਫਲ ਮਾਇਆ ਉਹੋ ਹੀ ਹੈ ਜੋ ਨੇਕ ਕੰਮ 'ਤੇ ਲੱਗੇ, ਅੱਛੇ ਕੰਮ ਤੇ ਲੱਗੇ। ਵਰਨਾ ਅਸੀਂ ਦੌੜ ਭੱਜ ਕੇ ਪੈਸਾ ਹੀ ਇਕੱਠਾ ਕਰਦੇ ਹਾਂ।

*ਪਾਪਾਂ ਬਾਝਹੁ ਹੋਵੈ ਨਾਹੀ ਮੋਇਆਂ ਸਾਥ ਨ ਜਾਈ॥*

ਜੋ ਵੀ ਧਨ ਦੌਲਤ ਇਕੱਠਾ ਕੀਤਾ ਹੈ ਇੱਥੇ ਹੀ ਰਹਿ ਜਾਣਾ ਹੈ। ਅੱਗੇ ਸਿਰਫ ਪ੍ਰਭੂ ਦਾ ਨਾਮ ਹੀ ਜਾਣਾ ਹੈ।

*ਨਾਮੁ ਰਹਿਓ ਸਾਧੂ ਰਹਿਓ*
*ਰਹਿਓ ਗੁਰੁ ਗੋਬਿੰਦੁ॥*
*ਕਹੁ ਨਾਨਕ ਇਹ ਜਗਤ ਮੈ*
*ਕਿਨ ਜਪਿਓ ਗੁਰ ਮੰਤੁ॥੫੬॥ (ਅੰਗ 1429)*

ਫੇਰ ਵੀ ਕੋਈ ਨਾਮ ਜਪ ਕੇ ਖੁਸ਼ ਨਹੀਂ ਹੁੰਦਾ। ਇਸ ਨਾਮ ਤੋਂ ਬਗੈਰ ਅੱਗੇ ਕਾਲ ਨੇ ਸਭ ਕੁਝ ਖੋਹ ਲੈਣਾ ਹੈ। ਕਰਮ ਵਧੀਆ ਕਰ ਲਈਏ ਜਾਂ ਧਰਮ ਵਧੀਆ ਰੱਖੀਏ ਉਹ ਵੀ ਕਾਲ ਨੇ ਖੋਹ ਲੈਣਾ ਹੈ।

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥ (ਅੰਗ 747)*

ਜਮ ਚੁੰਗੀ ਉੱਪਰ ਜੀਵ ਨੂੰ ਲੁੱਟ ਲੈਂਦਾ ਹੈ। ਇਹ ਨਿਸ਼ਚੇ ਰੱਖੋ ਜਦੋਂ ਤੁਹਾਡੀ ਆਤਮਾ ਅੰਦਰ ਜਾਏਗੀ, ਧਰਮਰਾਜ ਦੀ ਚੁੰਗੀ ਰਸਤੇ ਵਿੱਚ ਆਉਣੀ ਹੈ। ਉਹਨਾਂ ਨੇ ਤੁਹਾਡੇ ਨਾਮ, ਤੁਹਾਡੇ ਪਿਉ ਦਾ ਨਾਮ ਜਾਂ ਕਿਹੜੇ ਸੰਤਾਂ ਦੀ ਸੰਗਤ ਕਰਦੇ ਹੋ। ਉਹਨਾਂ ਨੇ ਲਿਸਟ ਦੇਖਣੀ ਹੈ।

*ਧਰਮਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੇ ਜਾਹਿਗਾ॥ (ਅੰਗ 1106)*

ਧਰਮਰਾਜ ਅੱਗੇ ਵਹੀ ਕੱਢ ਕੇ ਖੜਾ ਹੋ ਜਾਂਦਾ ਹੈ ਅਤੇ ਜਦੋਂ ਦੇਖਦਾ ਹੈ ਕਿ ਇਹ ਫਲਾਣੇ ਸੰਤਾਂ ਦਾ ਸੇਵਕ ਹੈ। ਇਸ ਨੇ ਐਨਾ ਸਿਮਰਨ ਕੀਤਾ ਹੈ, ਤਪੱਸਿਆ ਕੀਤੀ ਹੈ ਤਦ ਉਹ ਜਮਾਂ ਨੂੰ ਕਹਿੰਦੇ ਹਨ ਕਿ ਇਸ ਨੂੰ ਕੁਝ ਨਹੀਂ ਕਹਿਣਾ, ਇਸ ਨੂੰ ਅੱਗੇ ਲੰਘ ਲੈਣ ਦਿਉ।

ਫੇਰ ਤੁਹਾਨੂੰ ਵਿਗੋਚਾ ਆਉਣਾ ਹੈ। ਅਗਰ ਕਿਸੇ ਕੋਲ ਹੱਲਾਂ ਹਨ ਪਰ ਸੁਹਾਗਾ ਨਹੀਂ ਹੈ ਉਹ ਵੀ ਵਿਗੋਚਾ ਹੀ ਹੈ। ਕਿਸੇ ਜੀਵ  ਕੋਲ ਟਰੈਕਟਰ, ਟਰਾਲੀ, ਹੱਲਾਂ ਸਭ ਕੁਝ ਹੈ ਪਰ ਬੀਜ ਕੇਰਨ ਵਾਲੀ ਮਸ਼ੀਨ ਨਹੀਂ ਹੈ ਉਹ ਵੀ ਵਿਗੋਚਾ ਹੀ ਹੈ। ਫੇਰ ਤੁਹਾਨੂੰ ਉੱਥੇ ਵਿਗੋਚਾ ਆਉਣਾ ਹੈ। ਤੁਹਾਡੇ ਦਿਲ ਵਿੱਚ ਆਉਣਾ ਹੈ ਕਿ

*ਜਿੰਦ ਕਿਉਂ ਨਾ ਗੁਰੂ ਤੋਂ ਵਾਰੀ*
*ਮੈਂ ਰੱਖ ਲਈ ਪਿਆਰੀ ਕਰ ਕੇ।*

ਮੈਂ ਸਿਮਰਨ ਕਿਉਂ ਨਹੀਂ ਕੀਤਾ। ਅਗਰ ਮੈਂ ਸਿਮਰਨ ਕੀਤਾ ਹੁੰਦਾ ਤਦ ਉਹ ਮੇਰੇ ਕੰਮ ਆਉਣਾ ਸੀ। ਮੈਨੂੰ ਵੀ ਧਰਮਰਾਜ ਨੇ ਅੱਗੇ ਜਾ ਲੈਣ ਦੇਣਾ ਸੀ। ਇਸ ਤਰ੍ਹਾਂ ਜਿਸ ਕੋਲ ਕੋਈ ਪਾਸਪੋਰਟ, ਪਰਮਿਟ ਜਾਂ ਪਾਸ ਹੁੰਦਾ ਹੈ ਉਹ ਦਿਖਾ ਕੇ ਝੱਟ ਅੱਗੇ ਲੰਘ ਜਾਂਦਾ ਹੈ। ਸਾਰੇ ਕਹਿੰਦੇ ਹਨ ਇਹ ਸਟਾਫ ਦਾ ਬੰਦਾ ਹੈ ਇਸ ਨੂੰ ਅੱਗੇ ਭੇਜੋ। ਸੋਈ ਅਗਰ ਅਸੀਂ ਸਿਮਰਨ ਕਰਾਂਗੇ ਤਦ ਉੱਥੇ ਸਾਨੂੰ ਵਿਗੋਚਾ ਨਹੀਂ ਆਵੇਗਾ, ਕਮੀ ਨਹੀਂ ਆਵੇਗੀ, ਦੁੱਖ ਨਹੀਂ ਹੋਵੇਗਾ।

*ਹੁਕਮਿ ਮੰਨਿਐ ਹੋਵੈ ਪਰਵਾਣੁ*
*ਤਾ ਖਸਮੈ ਕਾ ਮਹਿਲੁ ਪਾਇਸੀ॥ (ਅੰਗ 471)*

ਅਗਰ ਹੁਕਮ ਮੰਨ ਕੇ ਸਿਮਰਨ ਕਰਾਂਗੇ ਫੇਰ ਖਸਮ ਰੂਪੀ ਬਾਣੀ ਦੇ ਮਹਲ ਪ੍ਰਾਪਤ ਕਰਾਂਗੇ।

ਸਾਡੇ ਪਰਿਵਾਰ ਵਿੱਚ ਕਾਮਰੇਡ ਚੰਨਣ ਸਿੰਘ ਸਨ। ਇੱਕ ਹੋਰ ਵੀ ਜੀਵ ਚੰਨਣ ਸਿੰਘ ਸੀ। ਬਚਪਨ ਵਿੱਚ ਬਜ਼ੁਰਗਾਂ ਦਾ ਵਿਚਾਰ ਕਾਮਰੇਡਾਂ ਵੱਲ ਸੀ। ਅਸੀ ਸਟੇਜਾਂ ਉੱਪਰ ਗਾਇਆ ਕਰਦੇ ਸੀ।

*ਏਕਾ ਬੜਾ ਬਲਵਾਨ*
*ਜੋ ਕਰਨਾ ਪੈਣਾ ਏਂ।*
*ਸ਼ੀਸ਼ਿਆ ਵਰਗੇ ਦਿਲ ਨੇ ਸਾਡੇ*
*ਪਾਪਾਂ ਦਾ ਕੋਈ ਦਾਗ ਨਹੀਂ।*
*ਆ ਬੈਠੀ ਫਰਿਆਦ ਬੁੱਲ੍ਹਾਂ ਤੇ*
*ਜੋ ਖੁਸ਼ੀਆਂ ਦਾ ਰਾਗ ਨਹੀਂ।*
*ਜ਼ਿੰਦਗੀ ਨੇ ਹੁਣ ਮੌਤ ਤੋਂ ਸੱਜਣਾ*
*ਗਿਣ ਗਿਣ ਬਦਲਾ ਲੈਣਾ ਏ, ਲੈਣਾ ਏ, ਲੈਣਾ ਏ।*
*ਏਕਾ ਬੜਾ ਬਲਵਾਨ*
*ਜੋ ਕਰਨਾ ਪੈਣਾ ਏ।*

Monthly GURBANI UPMA Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਫੇਰ ਹਜ਼ੂਰ ਦੀ ਐਸੀ ਮੌਜ ਹੋਈ, ਸਾਡੇ ਮਾਤਾ ਜੀ ਬੀਮਾਰ ਹੋਏ, ਠੋਕਰ ਵੱਜੀ। ਸਾਡੇ ਬਾਪੂ ਜੀ (ਸਹੁਰਾ ਸਾਹਿਬ) ਨੇ ਕਿਹਾ ਤੂੰ ਕਾਹਦਾ ਪੁੱਤਰ ਏਂ ਤੇਰੀ ਮਾਤਾ ਐਨੀ ਬਿਮਾਰ ਹੈ। ਅਸੀਂ ਆਪਣੀ ਮਾਂ ਦੀ ਸੇਵਾ ਅਤੇ ਇਲਾਜ ਲਈ ਐਨੇ ਭਟਕੇ। ਬਹੁਤ ਜਗ੍ਹਾ ਦੇਖੀਆਂ, ਨਮਾਜ਼ਾਂ ਪੜ੍ਹੀਆਂ, ਚਰਚਾਂ ਵਿੱਚ ਗਏ, ਕੇਸਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਪਰਕਰਮਾ ਧੋਤੀਆਂ। ਮੰਦਰਾਂ ਵਿੱਚ ਆਰਤੀਆਂ ਉਤਾਰੀਆਂ। ਜਦੋਂ ਸਾਨੂੰ ਹਜ਼ੂਰ ਧਿਆਨਪੁਰ ਵਾਲੇ ਮਿਲੇ ਸਾਡੀ ਸੋਚ ਹੀ ਬਦਲ ਗਈ। ਸਾਰੀ ਕਾਮਰੇਡੀ ਜਾਂਦੀ ਰਹੀ। ਨਾਲ ਵਾਲੇ ਕਾਮਰੇਡਾਂ ਨੇ ਕਿਹਾ ਕਿ ਇਸ ਨੂੰ ਪਤਾ ਨਹੀਂ ਕੀ ਹੋ ਗਿਆ ਹੈ। ਪਰ ਇਹ ਗੱਲ ਸੱਚੀ ਹੈ ਕਿ ਜਦੋਂ ਜੀਵ ਗੁਰਬਾਣੀ ਵੱਲ ਤੁਰਦਾ ਹੈ ਉਸ ਦੀ ਦਿਸ਼ਾ ਹੀ ਬਦਲ ਜਾਂਦੀ ਹੈ। ਉਸ ਦੀ ਸੋਚ ਬਦਲ ਜਾਂਦੀ ਹੈ, ਵਿਚਾਰ ਬਦਲ ਜਾਂਦੇ ਹਨ। ਜਦੋਂ ਮਾਲਿਕ ਦੀ ਛੋਹ ਲੱਗ ਜਾਂਦੀ ਹੈ ਉਦੋਂ ਮਨੂਰ ਵੀ ਸੋਨਾ ਹੀ ਬਣ ਜਾਂਦਾ ਹੈ। ਤੁਸੀਂ ਜਾਂ ਅਸੀਂ ਜੋ ਵੀ ਗੁਰਬਾਣੀ ਦੀ ਸ਼ਰਨ ਵਿੱਚ ਆਉਂਦਾ ਹੈ ਹਜ਼ੂਰ ਉਸ ਦੀ ਸੋਚ, ਵਿਚਾਰ ਅਮਲ ਨਿਰਮਲ ਕਰ ਦਿੰਦੇ ਹਨ, ਸਾਫ ਕਰ ਦਿੰਦੇ ਹਨ।

ਸੱਚੇ ਪਾਤਿਸ਼ਾਹੋ! ਅਗਰ ਮਿਲਾਪ ਨਾ ਹੋਇਆ ਤਦ ਮੈਂ ਬਖ਼ਸ਼ਿਆ ਨਹੀਂ ਜਾਵਾਂਗਾ। ਇਸ ਲਈ ਕਿਰਪਾ ਕਰਕੇ ਮੈਨੂੰ ਆਪਣਾ ਮਿਲਾਪ ਬਖਸ਼ੋ, ਸੰਗਤ ਬਖਸ਼ੋ। ਮਾਲਿਕ ਦੀ ਕਿਰਪਾ ਤੋਂ ਬਗੈਰ ਚਾਹੇ ਕੋਈ ਰਿਸ਼ਤੇਦਾਰ, ਭੈਣ ਭਰਾ ਹੋਵੇ ਕੋਈ ਵੀ ਗੁਰਬਾਣੀ ਵੱਲ ਨਹੀਂ ਤੁਰਦਾ। ਸਾਡੇ ਵੀ ਬਹੁਤ ਨੇੜੇ ਦੇ ਰਿਸ਼ਤੇਦਾਰ, ਭੈਣ-ਭਰਾ, ਅੱਗੇ ਪਿੱਛੇ ਸਾਨੂੰ ਮਿਲਣ ਲਈ ਆਉਂਦੇ ਹਨ ਪਰ ਗੁਰਬਾਣੀ ਵੱਲ ਕੋਈ ਵੀ ਤੁਰਨ ਲਈ ਤਿਆਰ ਨਹੀਂ ਹੈ। ਉਹਨਾਂ ਦੀ ਗੱਲ ਇਸ ਕਰਕੇ ਨਹੀਂ ਬਣਦੀ ਕਿਉਂਕਿ ਉਹ ਇੱਕ ਤਾਂ ਆਪ ਬੇਨਤੀ ਨਹੀਂ ਕਰਦੇ, ਦੂਜਾ ਮਾਲਿਕ ਦੀ ਕਿਰਪਾ ਨਹੀਂ ਹੁੰਦੀ। ਹਜ਼ੂਰ ਮੇਰੇ ਉੱਪਰ ਕਿਰਪਾ ਕਰੋ ਕਿ ਮੈਂ ਬੇਨਤੀ ਵੀ ਕਰਾਂ ਅਤੇ ਮੈਨੂੰ ਆਪਣਾ ਮਿਲਾਪ ਵੀ ਬਖਸ਼ੋ।

ਵੈਸਾਖ ਦਾ ਮਹੀਨਾ ਬਹੁਤ ਹੀ ਵਧੀਆ ਅਤੇ ਸੁਹਾਵਾ ਹੈ ਪਰ ਜੇਕਰ ਇਸ ਮਹੀਨੇ ਵਿੱਚ ਸੰਤਾਂ ਦਾ ਮਿਲਾਪ ਹੋ ਜਾਵੇ ਤਾਂ ਹੋਰ ਵੀ ਵਧੀਆ ਹੈ।

ਹਜ਼ੂਰ ਕਿਰਪਾ ਕਰਨ। ਵੈਸਾਖ ਦਾ ਮਹੀਨਾ ਬੁੱਧਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ, ਸ਼ਾਂਤੀ, ਵਰਤਾ ਕੇ ਹਮੇਸ਼ਾਂ ਸੰਤਾਂ ਦੀ ਸੰਗਤ ਬਖਸ਼ੀ ਰੱਖਣ। ਕਿਉਂਕਿ ਇਹ ਸਥਾਨ ਜਾਂ ਸਮਾਗਮ

*ਯਾਰਾਂ ਨਾਲ ਬਹਾਰਾਂ*

ਹੁੰਦੀਆਂ ਹਨ। ਜਿੱਥੇ ਯਾਰ ਹੋਵੇ ਉੱਥੇ ਬਹਾਰ ਨਜ਼ਰ ਆਉਂਦੀ ਹੈ। ਜਿੱਥੇ ਯਾਰ ਨਾ ਹੋਵੇ ਉੱਥੇ ਉਜਾੜ ਨਜ਼ਰ ਆਉਂਦੀ ਹੈ। ਹਜ਼ੂਰ ਕਿਰਪਾ ਕਰਕੇ ਸਾਨੂੰ ਇਸੇ ਤਰ੍ਹਾਂ ਪਿਆਰ ਭਾਵ ਅਤੇ ਭਰੋਸਾ ਬਖਸ਼ੀ ਰੱਖਣ। ਅਤੇ ਇਹ ਦਿਹਾੜਾ ਖੁਸ਼ੀਆਂ ਭਰਿਆ ਆਵੇ। ਹਜ਼ੂਰ ਅਗਲੇ ਸਾਲ ਵੀ ਇਸੇ ਤਰ੍ਹਾਂ ਉੱਦਮ ਬਖ਼ਸ਼ਣ। ਤੰਦਰੁਸਤੀ ਅਤੇ ਲੰਮੀ ਉਮਰ ਬਖ਼ਸ਼ਣ ਤਾਂ ਕਿ ਅਗਲੇ ਸਾਲ ਵੀ ਅਸੀਂ ਇਹ ਦਿਹਾੜਾ ਖੁਸ਼ੀਆਂ ਅਤੇ ਖੇੜਿਆਂ ਨਾਲ ਮਨਾਈਏ ਅਤੇ ਮਾਲਿਕ ਦੀਆਂ ਰਹਿਮਤਾਂ ਪ੍ਰਾਪਤ ਕਰਦੇ ਰਹੀਏ।

ਸੋਈ ਫੇਰ ਦੁਬਾਰਾ ਆਈ ਸੰਗਤ ਨੂੰ ਜਾਂ ਦੇਸ਼ ਵਿਦੇਸ਼ ਵਿੱਚੋਂ ਜਿਹੜੀ ਸੰਗਤ ਨਹੀਂ ਵੀ ਆ ਸਕੀ ਵੈਸਾਖੀ ਦੇ ਦਿਹਾੜੇ 'ਤੇ ਖ਼ਾਲਸਾ ਜੀ ਦੇ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਅਤੇ ਨਾ ਆਈ ਸੰਗਤ ਦੀਆਂ ਵੀ ਹਜ਼ੂਰ ਹਾਜ਼ਰੀਆਂ ਲਗਾ ਕੇ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ*
*ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglchhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** | **ਜਿਲਦ-੨੩ ਅੰਕ 2** | **ਅਪ੍ਰੈਲ : ੨੦੧੦** | **ਕੀਮਤ : 6 ਰੁਪੈ**